ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/1948995821245 31/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਬੁੱਧਵਾਰ, 18 ਨਵੰਬਰ 2026 (ਨਾਨਕਸ਼ਾਹੀ ਸੰਮਤ : ੫੫੮, ੩ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਬਾਬਾ ਜੋਰਿੰਦਰ ਸਿੰਘ ਜੀ ਦੀ



ਬਾਬਾ ਜੋਰਿੰਦਰ ਸਿੰਘ ਜੀ ਖ਼ਾਲਸਾ

# 33ਵੀਂ ਬਰਸੀ

## 18 ਨਵੰਬਰ, 2026

## ਦਿਨ ਬੁੱਧਵਾਰ ਨੂੰ

10.00 ਵਜੇ ਤੋਂ 3.00 ਵਜੇ ਤੱਕ

ਜਨਮ ਅਸਥਾਨ ਗੁਰਦੁਆਰਾ ਸੰਤ ਖਾਲਸਾ
ਪਿੰਡ ਰੋਡੇ ਜ਼ਿਲ੍ਹਾ ਮੋਗਾ ਵਿਖੇ ਮਨਾਈ ਜਾ ਰਹੀ ਹੈ।



ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ

## ਅਮਰ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਵਾਲਿਆ ਦੇ ਪਿਤਾ ਬਾਬਾ ਜੋਰਿੰਦਰ ਸਿੰਘ ਰੋਡੇ ਦੀ 33ਵੀਂ ਬਰਸੀਂ ਤੇ ਹੁੰਮ-ਹੁਮਾ ਕੇ ਪੁੱਜੋ ਜੀ

ਸਭ ਸੰਗਤਾਂ ਨੂੰ ਪਹੁੰਚਣ ਲਈ ਸਤਿਕਾਰ ਸਹਿਤ ਬੇਨਤੀ ਹੈ

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ੴ

ਧੰਨ-ਧੰਨ ਸੰਤ ਗਿਆਨੀ ਜ਼ਰਨੈਲ ਸਿੰਘ ਜੀ
ਖ਼ਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਪਿਤਾ ਜੀ

# ਸੱਚਖੰਡਵਾਸੀ ਬਾਬਾ ਜੋਗਿੰਦਰ ਸਿੰਘ ਜੀ ਦੀ 33ਵੀਂ ਬਰਸੀ

## ਮੌਕੇ ਵਿਸ਼ਾਲ ਗੁਰਮਤਿ ਸਮਾਗਮ





ਸਿੱਖ ਕੌਮ ਦੀ ਮਹਾਨ ਸ਼ਖਸ਼ੀਅਤ, ਸੰਤ ਗਿਆਨੀ ਜ਼ਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਪਿਤਾ ਜੀ ਬਾਬਾ ਜੋਗਿੰਦਰ ਸਿੰਘ ਜੀ ਦੀ 33ਵੀਂ ਬਰਸੀ ਸ਼ਰਧਾ, ਸਤਿਕਾਰ ਅਤੇ ਪੂਰਤ ਗੁਰਮਤਿਆਂਦਾ ਅਨੁਸਾਰ ਮਨਾਈ ਜਾ ਰਹੀ ਹੈ।

ਇਸ ਪਾਵਨ ਮੌਕੇ ਗੁਰਦੁਆਰਾ ਸੰਤ ਖ਼ਾਲਸਾ, ਪਿੰਡ ਹੋਡੇ, ਜ਼ਿਲ੍ਹਾ ਮੋਗਾ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸ ਮੌਕੇ ਸਮੂਹ ਸੰਗਤਾਂ ਨੂੰ ਗੁਰੂ ਜਸ ਸਰਵਣ ਕਰਨ ਅਤੇ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਵੱਧ-ਚੜ੍ਹ ਕੇ ਸਖ਼ੂਈਅਤ ਕਰਨ ਦੀ ਸਹਿਮਰ ਬੇਨਤੀ ਕੀਤੀ ਜਾਂਦੀ ਹੈ।

## ਸਮਾਗਮ ਦਾ ਵੇਰਵਾ:

**ਮਿਤੀ:**
18 ਨਵੰਬਰ 2026
ਦਿਨ ਬੁੱਧਵਾਰ

**ਸਮਾਂ:**
ਸਵੇਰੇ 10 ਵਜੇ ਤੋਂ
ਦੁਪਹਿਰ 3 ਵਜੇ ਤੱਕ

**ਸਥਾਨ:**
ਗੁਰਦੁਆਰਾ ਸੰਤ ਖ਼ਾਲਸਾ,
ਪਿੰਡ ਹੋਡੇ, ਜ਼ਿਲ੍ਹਾ ਮੋਗਾ।

ਸਮੂਰ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਸ਼ਰਧਾ ਅਤੇ ਸਤਿਕਾਰ ਨਾਲ ਮਨਾਏ ਜਾ ਰਹੇ ਸਮਾਗਮ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਅਤੇ ਆਪਣੀ ਹਾਜ਼ਰੀ ਲਗਵਾਉਿਣ.



ਵੱਲੋਂ: ਸਮੂਹ ਬਾਬਾ ਪਰਿਵਾਰ ਅਤੇ ਨਗਰ ਪੰਚਾਇਤਾਂ

ਸਿੰਘ ਸਾਹਿਬ
ਭਾਈ ਜ਼ਸਵੀਤ ਸਿੰਘ ਜੀ
ਖਾਲਸਾ

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/1948995821245 31/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

You Tube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਬੁੱਧਵਾਰ, 18 ਨਵੰਬਰ 2026 (ਨਾਨਕਸ਼ਾਹੀ ਸੰਮਤ : ५५८, ३ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

Exclusive News

## ਪੰਜਾਬ ਆਉਣਗੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ, ਅਦਾਲਤ ਨੇ ਦਿੱਤੀ ਪੈਰੋਲ

**ਅੰਮ੍ਰਿਤਸਰ, 17 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਪੈਰੋਲ ਮਿਲ ਗਈ ਹੈ। ਅੰਮ੍ਰਿਤਸਰ ਅਦਾਲਤ ਨੇ ਅੰਮ੍ਰਿਤਪਾਲ ਸਿੰਘ ਨੂੰ 1 ਦਿਨ ਦੀ ਪੈਰੋਲ ਦਿੱਤੀ ਹੈ।ਉਹ 21 ਨਵੰਬਰ ਨੂੰ ਜੇਲ੍ਹ ਤੋਂ ਬਾਹਰ ਆਉਣਗੇ। ਦੱਸ ਦਈਏ ਕਿ ਅੰਮ੍ਰਿਤਪਾਲ ਸਿੰਘ ਦੀ ਦਾਦੀ ਦਾ ਦੇਹਾਂਤ ਹੋ ਗਿਆ ਸੀ, ਜਿਸ ਮਗਰੋਂ ਪਰਿਵਾਰ ਵੱਲੋਂ ਉਨ੍ਹਾਂ ਦੇ ਸਸਕਾਰ ਲਈ ਪੈਰੋਲ ਦੀ ਮੰਗ ਕੀਤੀ ਜਾ ਰਹੀ ਸੀ। ਪਹਿਲਾਂ ਅਦਾਲਤ ਵੱਲੋਂ 14 ਨਵੰਬਰ ਨੂੰ ਪੈਰੋਲ ਦਿੱਤੀ ਗਈ ਸੀ, ਜਿਸ ਮਗਰੋਂ ਪਰਿਵਾਰ ਵੱਲੋਂ ਰਿਵਿਊ ਪਟਿਸ਼ਨ ਦਾਖ਼ਲ ਕੀਤੀ ਗਈ ਸੀ। ਅੱਜ ਅਦਾਲਤ ਵਿਚ ਸੁਣਵਾਈ ਦੌਰਾਨ ਸਰਕਾਰ ਨੇ ਵੀ ਆਪਣਾ ਪੱਖ ਦਾਖ਼ਲ ਕੀਤਾ। ਦੁਪਹਿਰ ਤੋਂ ਹੋਈ ਬਹਿਸ ਮਗਰੋਂ ਅਦਾਲਤ ਨੇ ਪੈਰੋਲ ਬਾਰੇ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਪਰਿਵਾਰ ਵੱਲੋਂ 21 ਤੋਂ 23 ਨਵੰਬਰ ਤਕ ਪੈਰੋਲ ਦੀ ਮੰਗ ਕੀਤੀ ਗਈ ਸੀ, ਪਰ ਦੋਹਾਂ ਧਿਰਾਂ ਦੀ ਸੁਣਵਾਈ ਮਗਰੋਂ ਅਦਾਲਤ ਨੇ 1 ਦਿਨ ਦੀ ਪੈਰੋਲ ਦੇ ਦਿੱਤੀ ਹੈ। ਸੁਣਵਾਈ ਮਗਰੋਂ ਅੰਮ੍ਰਿਤਪਾਲ ਸਿੰਘ ਦੇ ਵਕੀਲ ਨੇ ਕਿਹਾ ਕਿ ਅਦਾਲਤ ਦੇ ਵਿਸਥਾਰਤ ਹੁਕਮ ਸਾਹਮਣੇ ਆਉਣ ਤੋਂ ਬਾਅਦ ਪੂਰੀ ਜਾਣਕਾਰੀ ਸਾਂਝੀ ਕੀਤੀ ਜਾਵੇਗੀ।



### ਮਿਡਲ ਈਸਟ 'ਚ

# ਭਾਰਤੀਆਂ ਨਾਲ ਭਰੇ ਜਹਾਜ਼ 'ਤੇ ਮਿਜ਼ਾਈਲ ਹਮਲਾ !

**ਨਵੀਂ ਦਿੱਲੀ, 17 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਮਿਡਲ ਈਸਟ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਦੁਨੀਆ ਭਰ ਦੀ ਤੇਲ-ਗੈਸ ਸਪਲਾਈ ਲਈ ਬੇਹੱਦ ਅਹਿਮ ਸਮੁੰਦਰੀ ਲਾਂਘੇ ਹੋਰਮੁਜ਼ 'ਚ ਪਨਾਮਾ ਦੇ ਝੰਡੇ ਵਾਲੇ ਐੱਲ.ਪੀ.ਜੀ. ਟੈਂਕਰ 'ਤਾਰਾ ਗੈਸ' 'ਤੇ ਮਿਜ਼ਾਈਲ ਹਮਲਾ ਕੀਤਾ ਗਿਆ। ਇਸ ਜਹਾਜ਼ 'ਤੇ 24 ਭਾਰਤੀ ਕ੍ਰੂ ਮੈਂਬਰ ਸਵਾਰ ਸਨ। ਕੇਂਦਰੀ ਬੰਦਰਗਾਹਾਂ, ਜਹਾਜ਼ਰਾਨੀ ਅਤੇ ਜਲਮਾਰਗ ਮੰਤਰੀ ਸਰਬਾਨੰਦ ਸੋਨੋਵਾਲ ਨੇ ਮੰਗਲਵਾਰ ਨੂੰ ਪੁਸ਼ਟੀ ਕੀਤੀ ਕਿ ਇਸ ਹਮਲੇ 'ਚ ਜਹਾਜ਼ ਸਵਾਰ 24 ਭਾਰਤੀਆਂ ਸਣੇ 25 ਕ੍ਰੂ ਮੈਂਬਰ ਪੂਰੀ ਤਰ੍ਹਾਂ ਸੁਰੱਖਿਅਤ ਹਨ। ਕੇਂਦਰੀ ਮੰਤਰੀ ਸਰਬਾਨੰਦ ਸੋਨੋਵਾਲ ਨੇ 'ਐਕਸ' 'ਤੇ ਇਕ ਪੋਸਟ ਸ਼ੇਅਰ ਕਰਦਿਆਂ ਦੱਸਿਆ ਕਿ ਭਾਰਤੀ ਅਧਿਕਾਰੀ ਸਥਿਤੀ 'ਤੇ ਲਗਾਤਾਰ ਨਜ਼ਰ ਰੱਖ ਰਹੇ ਹਨ ਅਤੇ ਕ੍ਰੂ ਮੈਂਬਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਜਹਾਜ਼ ਪ੍ਰਬੰਧਨ ਕੰਪਨੀ ਨਾਲ ਸੰਪਰਕ 'ਚ ਹਨ। ਹੋਰਮੁਜ਼ ਅਤੇ ਇਸ ਦੇ ਆਸ-ਪਾਸ ਸਮੁੰਦਰੀ ਸੁਰੱਖਿਆ ਨੂੰ ਲੈ ਕੇ ਤਣਾਅ ਇਕ ਵਾਰ ਫ਼ਿਰ ਸਿਖ਼ਰ 'ਤੇ ਪਹੁੰਚ ਗਿਆ ਹੈ, ਜਿੱਥੇ ਪਿਛਲੇ 24 ਘੰਟਿਆਂ ਦੌਰਾਨ ਘੱਟੋ-ਘੱਟ 4 ਤੇਲ ਟੈਂਕਰਾਂ 'ਤੇ ਹਮਲੇ ਹੋਣ ਦੀ ਖ਼ਬਰ ਮਿਲੀ ਹੈ। ਯੂ.ਕੇ. ਮੈਰੀਟਾਈਮ ਟ੍ਰੇਡ ਆਪ੍ਰੇਸ਼ਨਜ਼ ਨੇ ਵੀ ਓਮਾਨ ਦੇ ਖਸਾਬ ਤੋਂ 7 ਨੌਟੀਕਲ ਮੀਲ ਦੂਰ ਇੱਕ ਟੈਂਕਰ 'ਤੇ ਹਮਲੇ ਦੀ ਰਿਪੋਰਟ ਦਿੱਤੀ ਹੈ, ਜਿਸ ਦੇ ਸਾਰੇ ਕ੍ਰੂ ਮੈਂਬਰ ਸੁਰੱਖਿਅਤ ਦੱਸੇ ਜਾ ਰਹੇ ਹਨ। ਇਸ ਤੋਂ ਪਹਿਲਾਂ ਇਰਾਨੀ ਮੀਡੀਆ ਰਿਪੋਰਟਾਂ ਅਨੁਸਾਰ, ਇਰਾਨੀ ਨੇਵੀ ਨੇ ਦੱਸਿਆ ਕਿ ਪੂਰਬੀ ਹੋਰਮੁਜ਼ ਦੇ ਪਾਬੰਦੀਸ਼ੁਦਾ ਖੇਤਰ 'ਚ ਨੈਵੀਗੇਸ਼ਨ ਸਿਸਟਮ ਬੰਦ ਕਰ ਕੇ ਲੰਘ ਰਿਹਾ ਇੱਕ ਟੈਂਕਰ ਸਮੁੰਦਰੀ ਮਾਈਨ ਨਾਲ ਟਕਰਾ ਗਿਆ, ਜਿਸ ਕਾਰਨ ਇਸ ਨੂੰ ਅੱਗ ਲੱਗ ਗਈ। ਇਸੇ ਤਰ੍ਹਾਂ ਸ਼ਨੀਵਾਰ ਨੂੰ ਵੀ ਇਰਾਨੀ ਫ਼ੌਜ ਨੇ 3 ਤੇਲ ਟੈਂਕਰਾਂ 'ਚ ਧਮਾਕੇ ਅਤੇ ਅੱਗ ਲੱਗਣ ਦੀ ਪੁਸ਼ਟੀ ਕੀਤੀ ਸੀ। ਇਰਾਨੀ ਸਮੁੰਦਰੀ ਫ਼ੌਜ ਨੇ ਜਹਾਜ਼ ਕੰਪਨੀਆਂ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ ਕਿ ਬਿਨਾਂ ਤਾਲਮੇਲ ਅਤੇ ਨਿਯਮਾਂ ਦੇ ਉਲਟ ਪਾਬੰਦੀਸ਼ੁਦਾ ਸਮੁੰਦਰੀ ਖੇਤਰਾਂ 'ਚ ਦਾਖ਼ਲ ਹੋਣ ਵਾਲੇ ਜਹਾਜ਼ਾਂ ਨੂੰ ਸਮੁੰਦਰੀ ਮਾਈਨਜ਼ ਅਤੇ ਅੱਗ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ ਬਿਨਾਂ ਇਜਾਜ਼ਤ ਕੋਈ ਵੀ ਜਹਾਜ਼ ਇੱਥੋਂ ਚੋਰੀ-ਛਿਪੇ ਨਿਕਲਣ ਦੀ ਕੋਸ਼ਿਸ਼ ਨਾ ਕਰੇ।



## ਇੰਡੀਗੋ ਦੇ ਜਹਾਜ਼ ਹੇਠਾਂ ਦਿਖੀਆਂ ਚੰਗਿਆੜੀਆਂ, ਟਾਇਰ ਫਟਿਆ !

**ਮੰਗਲੁਰੂ (ਕਰਨਾਟਕ), 17 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਮੰਗਲੁਰੂ ਤੋਂ ਬੈਂਗਲੁਰੂ ਰਵਾਨਾ ਹੋਣ ਜਾ ਰਹੇ ਇੰਡੀਗੋ ਦੇ ਇਕ ਜਹਾਜ਼ ਵਿਚ ਤਕਨੀਕੀ ਖਰਾਬੀ ਨਜ਼ਰ ਆਉਣ ਤੋਂ ਬਾਅਦ ਇਹ ਉਡਾਣ ਰੋਕ ਦਿੱਤੀ ਗਈ ਅਤੇ ਜਹਾਜ਼ ਵਾਪਸ ਆਪਣੇ 'ਬੇ' ਵਿਚ ਆ ਗਿਆ। ਇੰਡੀਗੋ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਜਹਾਜ਼ ਵਿਚ ਸਵਾਰ ਸਾਰੇ 229 ਯਾਤਰੀਆਂ ਅਤੇ ਅਮਲੇ ਦੇ 7 ਮੈਂਬਰਾਂ ਨੂੰ ਸੁਰੱਖਿਅਤ ਉਤਾਰ ਲਿਆ ਗਿਆ। ਇੰਡੀਗੋ ਦੇ ਇਕ ਬੁਲਾਰੇ ਮੁਤਾਬਕ, ਫਲਾਈਟ ਨੰਬਰ 6ਈ 388 ਦੇ ਉਡਾਣ ਭਰਨ ਤੋਂ ਪਹਿਲਾਂ ਹੀ ਉਸ ਵਿਚ ਇਕ ਤਕਨੀਕੀ ਗੜਬੜੀ ਦਾ ਪਤਾ ਲਗਾ ਲਿਆ ਗਿਆ। ਹਵਾਈ ਅੱਡੇ ਦੇ ਸੂਤਰਾਂ ਮੁਤਾਬਕ, ਇਹ ਘਟਨਾ ਮੰਗਲੁਰੂ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸ਼ਾਮ ਕਰੀਬ 6:05 ਵਜੇ ਵਾਪਰੀ। ਉਸ ਸਮੇਂ ਜਹਾਜ਼ ਨੇ ਉਡਾਣ ਨਹੀਂ ਭਰੀ ਸੀ। ਕੁਝ ਸਥਾਨਕ ਰਿਪੋਰਟਾਂ ਮੁਤਾਬਕ, ਉਡਾਣ ਭਰਨ ਦੌਰਾਨ ਜਹਾਜ਼ ਦੇ ਹੇਠਾਂ ਚੰਗਿਆੜੀਆਂ ਦੇਖੀਆਂ ਗਈਆਂ ਅਤੇ ਇਕ ਟਾਇਰ ਫਟ ਗਿਆ ਜਿਸ ਕਾਰਨ ਪਾਇਲਟ ਨੇ ਬ੍ਰੇਕ ਲਗਾ ਕੇ ਜਹਾਜ਼ ਨੂੰ ਰਨਵੇਅ 'ਤੇ ਹੀ ਰੋਕ ਦਿੱਤਾ। ਹਵਾਬਾਜ਼ੀ ਕੰਪਨੀ ਨੇ ਇਸ ਨੂੰ ਤਕਨੀਕੀ ਮੁੱਦਾ ਹੀ ਦੱਸਦਿਆਂ ਕਿਹਾ ਹੈ ਕਿ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਕੰਪਨੀ ਨੇ ਕਿਹਾ ਕਿ ਉਸ ਦੀ ਇੰਜੀਨੀਅਰਿੰਗ ਟੀਮ ਵੱਲੋਂ ਵਿਸਤ੍ਰਿਤ ਤਕਨੀਕੀ ਮੁਆਇਨੇ ਤੋਂ ਬਾਅਦ ਜਹਾਜ਼ ਨੂੰ 'ਏਅਰਕ੍ਰਾਫਟ ਆਨ ਗਰਾਊਂਡ' (ਏ. ਓ. ਜੀ.) ਐਲਾਨ ਕਰ ਦਿੱਤਾ ਗਿਆ। ਇਸ ਦਾ ਅਰਥ ਹੈ ਕਿ ਮੁਰੰਮਤ ਅਤੇ ਪ੍ਰਮਾਣੀਕਰਨ ਪੂਰਾ ਹੋਣ ਤੱਕ ਜਹਾਜ਼ ਹਵਾਈ ਅੱਡੇ 'ਤੇ ਖੜ੍ਹਾ ਰਹੇਗਾ।



## ਟਰਮੀਨੇਟ ਕੀਤੇ 253 ਅਧਿਆਪਕਾਂ ਦਾ ਸੰਗਰੂਰ 'ਚ ਹੱਲਾ ਬੋਲ ! ਪੁਲਿਸ ਨਾਲ ਹੋਈ ਜ਼ਬਰਦਸਤ ਧੱਕਾ-ਮੁੱਕਾ

**ਸੰਗਰੂਰ, 17 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਵੱਲੋਂ ਤਿੰਨ ਸਾਲ ਪਹਿਲਾਂ ਭਰਤੀ ਕੀਤੇ 4161 ਅਧਿਆਪਕਾਂ ਵਿਚੋਂ 253 ਅਧਿਆਪਕਾਂ ਨੂੰ ਟਰਮੀਨੇਟ ਕਰ ਦਿੱਤਾ ਸੀ, ਜਿਨ੍ਹਾਂ ਵੱਲੋਂ ਅੱਜ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਤਹਿਤ ਪ੍ਰਦਰਸ਼ਨ ਕੀਤਾ ਗਿਆ। ਇਸਤੋਂ ਇਲਾਵਾ, ਇਨ੍ਹਾਂ ਅਧਿਆਪਕਾਂ ਦੇ ਨਾਲ ਪੀਟੀਆਈ 2000 ਅਧਿਆਪਕਾਂ ਨੇ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀ ਅਧਿਆਪਕਾਂ ਨੇ ਇਲਜ਼ਾਮ ਲਾਇਆ ਕਿ ਸਰਕਾਰ ਵੱਲੋਂ ਗ਼ੈਰ-ਕਾਨੂੰਨੀ ਢੰਗ ਨਾਲ ਉਨ੍ਹਾਂ ਦੀਆਂ ਸੇਵਾਵਾਂ ਖਤਮ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਉਨ੍ਹਾਂ ਦਾ ਬਣਦਾ ਹੱਕ ਨਹੀਂ ਦਿੱਤਾ ਜਾ ਰਿਹਾ ਹੈ ਅਤੇ ਅੱਜ ਸਰਕਾਰ ਵੱਲੋਂ ਉਨ੍ਹਾਂ ਨੂੰ ਪਿਛਲੀ ਮੀਟਿੰਗ ਦੌਰਾਨ ਦਿੱਤੇ ਭਰੋਸੇ ਦਾ ਵੀ ਆਖਰੀ ਦਿਨ ਸੀ, ਪਰੰਤੂ ਕੋਈ ਵੀ ਹੀਲਾ ਨਹੀਂ ਕੀਤਾ ਜਾ ਰਿਹਾ ਹੈ। ਜਾਣਕਾਰੀ ਅਨੁਸਾਰ, ਪ੍ਰਦਰਸ਼ਨ ਦੌਰਾਨ ਹੱਕ ਮੰਗਦੇ ਅਧਿਆਪਕਾਂ ਵੱਲੋਂ ਟਰਮੀਨੇਟਰ ਲੈਟਰ ਦੀਆਂ ਕਾਪੀਆਂ ਵੀ ਸਾੜੀਆਂ ਗਈਆਂ। ਇਸ ਦੌਰਾਨ ਜਦੋਂ ਅਧਿਆਪਕਾਂ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਚਾਲੇ ਪਾਏ ਗਏ ਤਾਂ ਵੱਡੀ ਗਿਣਤੀ ਵਿੱਚ ਮੌਜੂਦ ਪੁਲਿਸ ਨੇ ਅਧਿਆਪਕਾਂ ਨੂੰ ਰਸਤੇ ਵਿੱਚ ਬੈਰੀਕੇਡ ਲਾ ਕੇ ਰੋਕ ਲਿਆ। ਅਧਿਆਪਕਾਂ ਦੀ ਪੁਲਿਸ ਨਾਲ ਜ਼ਬਰਦਸਤ ਧੱਕਾ-ਮੁੱਕੀ ਵੀ ਹੋਈ। ਅਧਿਆਪਕਾਂ ਨਾਲ ਧੱਕਾ-ਮੁੱਕਾ 'ਚ ਇੱਕ ਅਧਿਆਪਕਾ ਦੇ ਗਸ਼ ਖਾ ਕੇ ਅਚਨਚੇਤ ਡਿੱਗਣ ਦੀ ਖ਼ਬਰ ਵੀ ਸਾਹਮਣੇ ਆਈ ਹੈ। ਉਧਰ, 2000 ਪੀਟੀਆਈ ਅਧਿਆਪਕਾਂ ਨੇ ਵੀ ਪ੍ਰਦਰਸ਼ਨ ਦੌਰਾਨ ਪੰਜਾਬ ਸਰਕਾਰ ਖਿਲਾਫ਼ ਜੰਮ ਕੇ ਭੜਾਸ ਕੱਢੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵਾਰ-ਵਾਰ ਪੇਪਰਾਂ ਦੀਆਂ ਫੀਸਾਂ ਭਰਵਾਈਆਂ ਜਾ ਰਹੀਆਂ ਹਨ, ਪਰ ਪੇਪਰ ਨਹੀਂ ਲਿਆ ਜਾ ਰਿਹਾ। ਉਨ੍ਹਾਂ ਨੇ ਮੰਗ ਕੀਤੀ ਕਿ ਸਰਕਾਰ ਜਲਦ ਤੋਂ ਜਲਦ ਪੇਪਰ ਲਵੇ ਅਤੇ ਭਰਤੀ ਕਰੇ।



## ਸੁਖਬੀਰ ਬਾਦਲ ਨੇ ਦੂਜੀ ਵਾਰ ਰੱਦ ਕੀਤੀ 'ਬੱਸ ਯਾਤਰਾ', ਮੋਦੀ ਦੇ ਪੰਜਾਬ ਆਉਣ ਦੀ ਚਰਚਾ

**ਬਠਿੰਡਾ/ਚੰਡੀਗੜ੍ਹ, 17 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੀ ਸਿਆਸਤ 'ਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਮੁੜ ਗਠਜੋੜ ਹੋਣ ਦੀਆਂ ਚਰਚਾਵਾਂ ਨੇ ਇੱਕ ਵਾਰ ਫਿਰ ਜ਼ੋਰ ਫੜ੍ਹ ਲਿਆ ਹੈ। ਇਸੇ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਠਿੰਡਾ ਜ਼ਿਲ੍ਹੇ ਦੇ ਧਾਰਮਿਕ ਅਤੇ ਸਿਆਸੀ ਪੱਖੋਂ ਮਹੱਤਵਪੂਰਨ ਹਲਕੇ ਤਲਵੰਡੀ ਸਾਬੋ 'ਚ ਪ੍ਰਸਤਾਵਿਤ ਆਪਣੀ ਬੱਸ ਯਾਤਰਾ ਦੂਜੀ ਵਾਰ ਰੱਦ ਕਰ ਦਿੱਤੀ ਹੈ। ਪਹਿਲਾਂ 10 ਨਵੰਬਰ ਨੂੰ ਤੈਅ ਕੀਤਾ ਗਿਆ ਇਹ ਪ੍ਰੋਗਰਾਮ 16 ਨਵੰਬਰ ਲਈ ਮੁਲਤਵੀ ਕੀਤਾ ਗਿਆ ਸੀ, ਪਰ ਹੁਣ ਇਸ ਨੂੰ ਮੁੜ ਰੱਦ ਕਰ ਦਿੱਤਾ ਗਿਆ ਹੈ। ਫਿਲਹਾਲ ਪਾਰਟੀ ਵੱਲੋਂ ਪ੍ਰੋਗਰਾਮ ਦੀ ਕੋਈ ਨਵੀਂ ਤਾਰੀਖ਼ ਦਾ ਐਲਾਨ ਨਹੀਂ ਕੀਤਾ ਗਿਆ। ਸੁਖਬੀਰ ਬਾਦਲ ਦੀ ਬੱਸ ਯਾਤਰਾ ਰੱਦ ਹੋਣ ਦਾ ਇਹ ਘਟਨਾਕ੍ਰਮ ਅਜਿਹੇ ਸਮੇਂ ਸਾਹਮਣੇ ਆਇਆ ਹੈ, ਜਦੋਂ ਪੰਜਾਬ ਦੇ ਸਿਆਸੀ ਗਲਿਆਰਿਆਂ 'ਚ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਗਠਜੋੜ ਨੂੰ ਲੈ ਕੇ ਗੱਲਬਾਤ ਦੀਆਂ ਚਰਚਾਵਾਂ ਲਗਾਤਾਰ ਤੇਜ਼ ਹੋ ਰਹੀਆਂ ਹਨ। ਸਿਆਸੀ ਹਲਕਿਆਂ 'ਚ ਇਹ ਵੀ ਚਰਚਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 21 ਅਤੇ 22 ਨਵੰਬਰ ਨੂੰ ਬਠਿੰਡਾ ਪਹੁੰਚ ਸਕਦੇ ਹਨ। ਉਨ੍ਹਾਂ ਦੇ ਸੰਭਾਵਿਤ ਦੌਰੇ ਨੂੰ ਲੈ ਕੇ ਵੀ ਕਈ ਤਰ੍ਹਾਂ ਦੇ ਸਿਆਸੀ ਕਿਆਸ ਲਗਾਏ ਜਾ ਰਹੇ ਹਨ। ਚਰਚਾ ਹੈ ਕਿ ਇਸ ਦੌਰੇ ਦੌਰਾਨ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਮੁੜ ਗਠਜੋੜ ਬਾਰੇ ਕੋਈ ਵੱਡਾ ਐਲਾਨ ਹੋ ਸਕਦਾ ਹੈ। ਹਾਲਾਂਕਿ ਪ੍ਰਧਾਨ ਮੰਤਰੀ ਦੇ ਦੌਰੇ ਅਤੇ ਗਠਜੋੜ ਦੇ ਰਸਮੀ ਐਲਾਨ ਬਾਰੇ ਅਜੇ ਤੱਕ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ ਹੈ। ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ' ਤਹਿਤ ਤਲਵੰਡੀ ਸਾਬੋ 'ਚ ਇਹ ਪ੍ਰੋਗਰਾਮ ਕਰਵਾਇਆ ਜਾਣਾ ਸੀ। ਪਾਰਟੀ ਦੇ ਇੱਕ ਸੀਨੀਅਰ ਆਗੂ ਅਨੁਸਾਰ ਪ੍ਰੋਗਰਾਮ ਰੱਦ ਹੋਣ ਦਾ ਸਬੰਧ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਚੱਲ ਰਹੀ ਗਠਜੋੜ ਸਬੰਧੀ ਗੱਲਬਾਤ ਨਾਲ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਦੋਵਾਂ ਪਾਰਟੀਆਂ ਵਿਚਕਾਰ ਗੱਲਬਾਤ ਪੂਰੀ ਹੋਣ ਤੋਂ ਬਾਅਦ ਹੀ ਯਾਤਰਾ ਲਈ ਨਵੀਂ ਤਾਰੀਖ਼ ਤੈਅ ਕੀਤੀ ਜਾ ਸਕਦੀ ਹੈ। ਤਲਵੰਡੀ ਸਾਬੋ ਹਲਕੇ ਦੇ ਅਕਾਲੀ ਦਲ ਇੰਚਾਰਜ ਰਵਿਪ੍ਰੀਤ ਸਿੰਘ ਸਿੱਧੂ ਨੇ ਵੀ ਪ੍ਰੋਗਰਾਮ ਦੋ ਵਾਰ ਰੱਦ ਹੋਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਇਹ ਪ੍ਰੋਗਰਾਮ 10 ਨਵੰਬਰ ਨੂੰ ਹੋਣਾ ਸੀ, ਜਿਸ ਨੂੰ ਬਾਅਦ 'ਚ 16 ਨਵੰਬਰ ਲਈ ਤੈਅ ਕੀਤਾ ਗਿਆ ਸੀ ਪਰ ਹੁਣ ਇਸ ਨੂੰ ਵੀ ਰੱਦ ਕਰ ਦਿੱਤਾ ਗਿਆ ਹੈ। ਫਿਲਹਾਲ ਪਾਰਟੀ ਹਾਈਕਮਾਨ ਵੱਲੋਂ ਨਵੀਂ ਤਾਰੀਖ਼ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਹਾਲਾਂਕਿ ਉਨ੍ਹਾਂ ਨੇ ਪ੍ਰੋਗਰਾਮ ਰੱਦ ਹੋਣ ਦੇ ਕਾਰਨਾਂ ਬਾਰੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਪੰਜਾਬ 'ਚ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਗਠਜੋੜ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਲੰਬੇ ਸਮੇਂ ਤੋਂ ਸਿਆਸੀ ਚਰਚਾਵਾਂ ਚੱਲ ਰਹੀਆਂ ਹਨ। ਦੋਵੇਂ ਪਾਰਟੀਆਂ ਪਹਿਲਾਂ ਵੀ ਕਈ ਸਾਲਾਂ ਤੱਕ ਗਠਜੋੜ 'ਚ ਰਹਿ ਚੁੱਕੀਆਂ ਹਨ ਪਰ ਖੇਤੀ ਕਾਨੂੰਨਾਂ ਨੂੰ ਲੈ ਕੇ ਸਾਲ 2020 'ਚ ਅਕਾਲੀ ਦਲ ਨੇ ਭਾਜਪਾ ਨਾਲੋਂ ਆਪਣਾ ਸਿਆਸੀ ਰਿਸ਼ਤਾ ਤੋੜ ਲਿਆ ਸੀ।





## ਉਤਰਾਖੰਡ 'ਚ 100 ਮੀਟਰ ਡੂੰਘੀ ਖੱਡ 'ਚ ਡਿੱਗੀ ਬੱਸ, 8 ਸ਼ਰਧਾਲੂਆਂ ਦੀ ਮੌਕੇ 'ਤੇ ਮੌਤ, 13 ਜ਼ਖ਼ਮੀ



**ਰਿਸ਼ੀਕੇਸ਼, 17 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਉਤਰਾਖੰਡ ਤੋਂ ਮੰਗਲਵਾਰ ਸਵੇਰੇ ਇੱਕ ਭਿਆਨਕ ਹਾਦਸੇ ਦੀ ਖ਼ਬਰ ਸਾਹਮਣੇ ਆਈ ਹੈ। ਜ਼ਿਲ੍ਹੇ ਟਿਹਰੀ ਗੜ੍ਹਵਾਲ ਵਿੱਚ ਇੱਕ ਬੱਸ ਪੁਲ ਤੋਂ ਲਗਭਗ 100 ਮੀਟਰ ਦੀ ਦੂਰੀ 'ਤੇ ਖੱਡ ਵਿੱਚ ਡਿੱਗ ਗਈ। ਘਟਨਾ 'ਚ ਹੁਣ ਤੱਕ ਅੱਠ ਲੋਕਾਂ ਦੀ ਮੌਤ ਦੀ ਖ਼ਬਰ ਹੈ। ਜਾਣਕਾਰੀ ਅਨੁਸਾਰ, ਇਹ ਹਾਦਸਾ ਟਿਹਰੀ ਗੜ੍ਹਵਾਲ ਦੇ ਗੁਲਰ ਬਾਜ਼ਾਰ ਨੇੜੇ ਵਾਪਰਿਆ। ਪੁਲਿਸ ਨੇ ਹਾਦਸੇ ਬਾਰੇ ਜਾਣਕਾਰੀ ਜਾਰੀ ਕਰਦਿਆਂ ਕਿਹਾ ਹੈ ਕਿ 8 ਲੋਕਾਂ ਦੀ ਮੌਤ ਹੋ ਗਈ ਹੈ। ਮੁਨੀਕਿਰੇਤੀ ਇੰਸਪੈਕਟਰ-ਇਨ-ਚਾਰਜ ਪ੍ਰਦੀਪ ਚੌਹਾਨ ਨੇ ਦੱਸਿਆ ਕਿ ਬੱਸ ਗੁਲਰ ਨੇੜੇ ਰੇਲਿੰਗ ਤੋੜ ਕੇ 100 ਮੀਟਰ ਡੂੰਘੀ ਖੱਡ ਵਿੱਚ ਡਿੱਗ ਗਈ।32 ਸੀਟਾਂ ਵਾਲੀ ਬੱਸ ਵਿੱਚ 30 ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚੋਂ ਛੇ ਦੀ 

# ਬਾਬਾ ਜੋਗਿੰਦਰ ਸਿੰਘ ਜੀ ਦੀ



ਬਾਬਾ ਜੋਗਿੰਦਰ ਸਿੰਘ ਜੀ ਖ਼ਾਲਸਾ

# 33ਵੀਂ ਬਰਸੀ

## 18 ਨਵੰਬਰ, 2025

## ਦਿਨ ਬੁੱਧਵਾਰ ਨੂੰ

## 10.00 ਵਜੇ ਤੋਂ 3.00 ਵਜੇ ਤੱਕ

ਜਨਮ ਅਸਥਾਨ ਗੁਰਦੁਆਰਾ ਸੰਤ ਖਾਲਸਾ
ਪਿੰਡ ਰੋਡੇ ਜ਼ਿਲ੍ਹਾ ਮੋਗਾ ਵਿਖੇ ਮਨਾਈ ਜਾ ਰਹੀ ਹੈ।



ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ

## ਸੱਭ ਸੰਗਤਾਂ ਨੇ ਪਰਿਵਾਰਾਂ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ



ਭਾਈ ਰਘਵੀਰ ਸਿੰਘ ਵਾਲਸਾਲ
ਆਵਾਜ਼-ਕੌਮ ਅੰਤਰ-ਰਾਸ਼ਟਰੀ ਅਖ਼ਬਾਰ ਤੇ ਵੈਬ ਚੈਨਲ
ਪ੍ਰਧਾਨ, ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.



ਭਾਈ ਪਰਮਜੀਤ ਸਿੰਘ ਢਾਡੀ
ਵੈਨਸਫੀਲਡ, ਅੰਤਰਰਾਸ਼ਟਰੀ ਚੀਫ਼ ਆਰਗੇਨਾਈਜ਼ਰ
ਇੰਟਰਨੈਸ਼ਨਲ ਪੰਥਕ ਦਲ



ਭਾਈ ਕਪਤਾਨ ਸਿੰਘ
(ਇੰਗਲੈਂਡ)
ਜਨਰਲ ਸਕੱਤਰ ਅਤੇ ਮੁੱਖ ਬੁਲਾਰਾ
ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.



ਭਾਈ ਈਸ਼ਰ ਸਿੰਘ
ਸਪੁੱਤਰ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂਵਾਲੇ



ਬਾਬਾ ਬਘੇਲ ਸਿੰਘ
ਜਥੇਦਾਰ ਧਾਰਮਿਕ ਵਿੰਗ,
ਇੰਗਲੈਂਡ ਅਤੇ ਯੂਰਪ



ਸੰਤ ਸਤਨਾਮ ਸਿੰਘ ਜੀ ਵੱਲੀਆਂ
ਪ੍ਰਧਾਨ
ਧਾਰਮਿਕ ਵਿੰਗ ਇੰਟਰਨੈਸ਼ਨਲ ਪੰਥਕ ਦਲ



ਭਾਈ ਪ੍ਰਗਟ ਸਿੰਘ
ਪ੍ਰਧਾਨ,
ਇੰਟਰਨੈਸ਼ਨਲ ਪੰਥਕ ਦਲ
ਇਟਲੀ



ਬਾਬਾ ਸੱਜਣ ਸਿੰਘ ਜੀ
ਮੁੱਖ ਸਲਾਹਕਾਰ
ਇੰਟਰਨੈਸ਼ਨਲ ਪੰਥਕ ਦਲ

ੴ

ਧੰਨ-ਧੰਨ ਸੰਤ ਗਿਆਨੀ ਜ਼ਰਨੈਲ ਸਿੰਘ ਜੀ
ਖ਼ਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਪਿਤਾ ਜੀ

# ਸੱਚਖੰਡਵਾਸੀ ਬਾਬਾ ਜੋਗਿੰਦਰ ਸਿੰਘ ਜੀ ਦੀ 33ਵੀਂ ਬਰਸੀ

## ਮੌਕੇ ਵਿਸ਼ਾਲ ਗੁਰਮਤਿ ਸਮਾਗਮ



ਸਿੱਖ ਕੌਮ ਦੀ ਮਹਾਨ ਸ਼ਖਸੀਅਤ, ਸੰਤ ਗਿਆਨੀ ਜ਼ਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਪਿਤਾ ਜੀ ਬਾਬਾ ਜੋਗਿੰਦਰ ਸਿੰਘ ਜੀ ਦੀ 33ਵੀਂ ਬਰਸੀ ਸ਼ਰਧਾ, ਸਤਿਕਾਰ ਅਤੇ ਪੂਰਨ ਗੁਰਮਰਿਆਦਾ ਅਨੁਸਾਰ ਮਨਾਈ ਜਾ ਰਹੀ ਹੈ।

ਇਸ ਪਾਵਨ ਮੌਕੇ ਗੁਰਦੁਆਰਾ ਸੰਤ ਖ਼ਾਲਸਾ, ਪਿੰਡ ਰੋਡੇ, ਜ਼ਿਲ੍ਹਾ ਮੋਗਾ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸ ਮੌਕੇ ਸਮੂਹ ਸੰਗਤਾਂ ਨੂੰ ਗੁਰੂ ਜਸ ਸਰਵਣ ਕਰਨ ਅਤੇ ਬਾਬਾ ਜੀ ਨੂੰ ਸ਼ਰਾਧਾ ਦੇ ਫੁੱਲ ਭੇਟ ਕਰਨ ਲਈ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

## ਸਮਾਗਮ ਦਾ ਵੇਰਵਾ:

**ਮਿਤੀ:**
18 ਨਵੰਬਰ 2026
ਦਿਨ ਬੁੱਧਵਾਰ

**ਸਮਾਂ:**
ਸਵੇਰੇ 10 ਵਜੇ ਤੋਂ
ਦੁਪਹਿਰ 3 ਵਜੇ ਤੱਕ

**ਸਥਾਨ:**
ਗੁਰਦੁਆਰਾ ਸੰਤ ਖ਼ਾਲਸਾ,
ਪਿੰਡ ਰੋਡੇ, ਜ਼ਿਲ੍ਹਾ ਮੋਗਾ।

ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਸ਼ਰਧਾ ਅਤੇ ਸਤਿਕਾਰ ਨਾਲ ਮਨਾਏ ਜਾ ਰਹੇ ਸਮਾਗਮ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਅਤੇ ਆਪਣੀ ਹਾਜ਼ਰੀ ਲਗਵਾਉਣ.

ਵੱਲੋਂ: ਸਮੂਹ ਬਾਬਾ ਪਰਿਵਾਰ ਅਤੇ ਨਗਰ ਪੰਚਾਇਤਾਂ

ਆਵਾਜ਼ਿ ਕੌਮ AWAZE QAUM International Newspaper & WEB TV

# TPU - THE PANJAB UNIVERSE

LEARN | TRADE | GROW | EARN FOR LIFE

ਸਿੱਖੋ ਟਰੇਡਿੰਗ, ਬਦਲੋ ਆਪਣੀ ਜ਼ਿੰਦਗੀ

## ਸਾਡੀਆਂ ਸੇਵਾਵਾਂ:

- 100% ਪ੍ਰੈਕਟੀਕਲ ਟਰੇਡਿੰਗ
- ਲਾਈਵ ਮਾਰਕੀਟ ਸਿਖਲਾਈ
- ਬਿਗਨਰ ਤੋਂ ਐਡਵਾਂਸ ਲੈਵਲ ਤੱਕ
- ਇਨਕਿਊਬੇਟਰ ਗਾਈਡੈਂਸ
- ਲਾਈਫ ਟਾਈਮ ਸਪੋਰਟ

## ਕੋਰਸ ਵਿੱਚ ਸ਼ਾਮਲ:

- ਇੰਟਰਾਡੇ
- ਸਵਿੰਗ
- ਆਪਸ਼ਨ
- ਸਟਾਕ ਮਾਰਕੀਟ ਬੇਸਿਕ ਤੋਂ ਐਡਵਾਂਸ
- ਰਿਸਕ ਮੈਨੇਜਮੈਂਟ
- ਇਨਵੈਸਟਮੈਂਟ ਸਟ੍ਰੈਟਜੀ
- ਪ੍ਰੈਕਟੀਕਲ ਟਰੇਡਿੰਗ ਸਿਸਟਮ

ਆਵਾਜ਼ਿ ਕੌਮ AWAZE QAUM International Newspaper & WEB TV

## ਆਪਣੇ ਹੁਨਰ ਨੂੰ ਪੈਸ਼ੇ ਵਿੱਚ ਬਦਲੋ

ਘਰ ਬੈਠੇ ਡਾਲਰ ਕਮਾਓ - ਆਪਣੇ ਬੱਚਿਆਂ ਨੂੰ ਵੀ
ਸ਼ਿਖਾ ਸਕਦੇ ਹੋ, ਉਹਨਾਂ ਦਾ ਭਵਿੱਖ ਸਵਾਰ ਸਕਦੇ ਹੋ

+91 76961 59766

Instagram: thepanjabuniverse / the.panjabuniverse (ਜਲੰਧਰ)

ਸਾਡਾ ਪਤਾ: Lambra near Jalandhar

## ਪੰਥਕ ਸੰਘਰਸ਼, ਸਿਦਕ ਅਤੇ ਕੁਰਬਾਨੀਆਂ ਦੀ ਅਦੁੱਤੀ ਮਿਸਾਲ

# ਬਾਬਾ ਜੋਗਿੰਦਰ ਸਿੰਘ ਜੀ ਰੋਡਿਆਂ ਵਾਲੇ

**ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਜੀ ਦਾ ਜੀਵਨ ਪੰਥਕ ਸੇਵਾ, ਦ੍ਰਿੜ੍ਹਤਾ, ਸਿਦਕ ਅਤੇ ਕੁਰਬਾਨੀਆਂ ਦੀ ਅਜਿਹੀ ਗਾਥਾ ਹੈ, ਜਿਸ ਨੂੰ ਸਿੱਖ ਇਤਿਹਾਸ ਵਿੱਚ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਰਹੇਗਾ**


ਸਿੱਖ ਕੌਮ ਦੇ ਇਤਿਹਾਸ ਵਿੱਚ ਕੁਝ ਅਜਿਹੀਆਂ ਸ਼ਖ਼ਸੀਅਤਾਂ ਹੋਈਆਂ ਹਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਨਿੱਜੀ ਸੁੱਖਾਂ ਅਤੇ ਪਰਿਵਾਰਕ ਮੋਹ ਤੋਂ ਉੱਪਰ ਉੱਠ ਕੇ ਪੰਥ ਅਤੇ ਕੌਮ ਦੀ ਸੇਵਾ ਲਈ ਸਮਰਪਿਤ ਕਰ ਦਿੱਤਾ। ਬਾਬਾ ਜੋਗਿੰਦਰ ਸਿੰਘ ਜੀ ਰੋਡਿਆਂ ਵਾਲੇ ਵੀ ਅਜਿਹੀ ਹੀ ਇੱਕ ਸਤਿਕਾਰਯੋਗ ਸ਼ਖ਼ਸੀਅਤ ਸਨ। ਉਹ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਪਿਤਾ ਹੋਣ ਦੇ ਨਾਲ-ਨਾਲ ਆਪਣੇ ਆਪ ਵਿੱਚ ਇੱਕ ਦ੍ਰਿੜ੍ਹ ਇਰਾਦੇ ਵਾਲੇ ਪੰਥਕ ਆਗੂ, ਸੰਘਰਸ਼ਸ਼ੀਲ ਸ਼ਖ਼ਸ ਅਤੇ ਕੌਮ ਦੇ ਹਿੱਤਾਂ ਲਈ ਡਟ ਕੇ ਖੜ੍ਹਨ ਵਾਲੇ ਆਗੂ ਸਨ।

ਉਨ੍ਹਾਂ ਦਾ ਜੀਵਨ ਜੈਤੋ ਦੇ ਮੋਰਚੇ ਤੋਂ ਲੈ ਕੇ ਪੰਜਾਬ ਦੇ ਔਖੇ ਪੰਥਕ ਦੌਰ ਤੱਕ ਦੀਆਂ ਅਨੇਕਾਂ ਯਾਦਾਂ ਅਤੇ ਇਤਿਹਾਸਕ ਘਟਨਾਵਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਨੇ ਆਪਣੇ ਜੀਵਨ ਵਿੱਚ ਅਜਿਹੇ ਸਮੇਂ ਵੀ ਵੇਖੇ, ਜਦੋਂ ਸਿੱਖ ਕੌਮ ਨੂੰ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਪੱਧਰ 'ਤੇ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਨ੍ਹਾਂ ਹਾਲਾਤਾਂ ਵਿੱਚ ਵੀ ਉਨ੍ਹਾਂ ਨੇ ਪੰਥਕ ਸੇਵਾ ਦੇ ਰਾਹ ਤੋਂ ਪਿੱਛੇ ਹਟਣਾ ਕਬੂਲ ਨਹੀਂ ਕੀਤਾ।

**ਜੈਤੋ ਦੇ ਮੋਰਚੇ ਤੋਂ ਸ਼ੁਰੂ ਹੋਈ ਪੰਥਕ ਸੇਵਾ ਦੀ ਲੰਮੀ ਯਾਤਰਾ**-ਬਾਬਾ ਜੋਗਿੰਦਰ ਸਿੰਘ ਜੀ ਰੋਡਿਆਂ ਵਾਲਿਆਂ ਦੇ ਜੀਵਨ ਨਾਲ ਜੈਤੋ ਦੇ ਮੋਰਚੇ ਦੀਆਂ ਯਾਦਾਂ ਵੀ ਜੁੜੀਆਂ ਹੋਈਆਂ ਹਨ। ਜੈਤੋ ਦੇ ਮੋਰਚੇ ਸਮੇਂ ਉਨ੍ਹਾਂ ਨੇ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ। ਪ੍ਰਾਪਤ ਜਾਣਕਾਰੀ ਅਨੁਸਾਰ, ਉਨ੍ਹਾਂ ਨੇ ਜਥੇਦਾਰ ਸੁੱਚਾ ਸਿੰਘ ਦੁੱਲਾ ਸਿੰਘ ਰਾਹੀਂ ਗੁਰਦੁਆਰਾ ਗੰਗਸਰ ਸਾਹਿਬ, ਜੈਤੋ ਵਿਖੇ ਮੋਰਚੇ ਨਾਲ ਸਬੰਧਤ ਸੇਵਾਵਾਂ ਅਤੇ ਰਸਦ ਦੇ ਪ੍ਰਬੰਧਾਂ ਵਿੱਚ ਵੀ ਭੂਮਿਕਾ ਨਿਭਾਈ। ਇਹ ਸੇਵਾ ਉਨ੍ਹਾਂ ਦੇ ਜੀਵਨ ਵਿੱਚ ਪੰਥਕ ਕਾਰਜਾਂ ਪ੍ਰਤੀ ਸਮਰਪਣ ਦੀ ਇੱਕ ਮਹੱਤਵਪੂਰਨ ਮਿਸਾਲ ਸੀ।

ਉਨ੍ਹਾਂ ਦਾ ਪਰਿਵਾਰ ਵੀ ਸਿੱਖ ਇਤਿਹਾਸ ਦੇ ਮਹੱਤਵਪੂਰਨ ਪੰਨਿਆਂ ਨਾਲ ਜੁੜਿਆ ਰਿਹਾ। ਉਨ੍ਹਾਂ ਦੇ ਘਰ ਵਿੱਚ ਪੰਥਕ ਵਿਚਾਰਧਾਰਾ, ਗੁਰਸਿੱਖੀ ਜੀਵਨ ਅਤੇ ਕੌਮ ਦੀ ਸੇਵਾ ਦੀ ਭਾਵਨਾ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਸੀ। ਇਸੇ ਮਾਹੌਲ ਵਿੱਚ ਉਨ੍ਹਾਂ ਦੇ ਸਪੁੱਤਰ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਸਿੱਖ ਕੌਮ ਵਿੱਚ ਇੱਕ ਵਿਸ਼ੇਸ਼ ਪਛਾਣ ਬਣਾਈ ਅਤੇ ਪੰਥਕ ਇਤਿਹਾਸ ਵਿੱਚ ਆਪਣਾ ਨਾਮ ਦਰਜ ਕਰਵਾਇਆ।




**ਪਰਿਵਾਰ ਨੇ ਵੀ ਪੰਥਕ ਸੰਘਰਸ਼ ਵਿੱਚ ਵੱਡੀਆਂ ਕੁਰਬਾਨੀਆਂ ਦਿੱਤੀਆਂ**-ਬਾਬਾ ਜੋਗਿੰਦਰ ਸਿੰਘ ਜੀ ਰੋਡਿਆਂ ਵਾਲਿਆਂ ਦਾ ਪਰਿਵਾਰ ਸਿਰਫ਼ ਇੱਕ ਪਰਿਵਾਰਕ ਇਕਾਈ ਨਹੀਂ ਸੀ, ਸਗੋਂ ਇਸ ਪਰਿਵਾਰ ਦੇ ਕਈ ਮੈਂਬਰਾਂ ਨੇ ਵੱਖ-ਵੱਖ ਸਮਿਆਂ 'ਤੇ ਪੰਥਕ ਸੰਘਰਸ਼ ਵਿੱਚ ਆਪਣਾ ਯੋਗਦਾਨ ਪਾਇਆ।

ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਫ਼ੌਜੀ ਹਮਲੇ ਦੌਰਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਤੇ ਭਾਈ ਜਗੀਰ ਸਿੰਘ ਜੀ ਨੇ ਸ਼ਹਾਦਤ ਪ੍ਰਾਪਤ ਕੀਤੀ। ਭਾਈ ਜਗੀਰ ਸਿੰਘ ਜੀ, ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ ਅਤੇ ਭਾਈ ਲਖਵੀਰ ਸਿੰਘ ਰੋਡੇ ਜੀ ਦੇ ਪਿਤਾ ਸਨ। ਉਨ੍ਹਾਂ ਦੀ ਸ਼ਹਾਦਤ ਨੇ ਪਰਿਵਾਰ ਨੂੰ ਗਹਿਰਾ ਸਦਮਾ ਦਿੱਤਾ, ਪਰ ਪਰਿਵਾਰ ਨੇ ਪੰਥਕ ਸੇਵਾ ਅਤੇ ਸੰਘਰਸ਼ ਨਾਲ ਆਪਣਾ ਨਾਤਾ ਕਾਇਮ ਰੱਖਿਆ।

ਇਸ ਤੋਂ ਇਲਾਵਾ, ਬਾਬਾ ਜੋਗਿੰਦਰ ਸਿੰਘ ਜੀ ਦੇ ਦੂਜੇ ਸਪੁੱਤਰ ਭਾਈ ਜਗਜੀਤ ਸਿੰਘ ਜੀ ਦਾ ਵੀ ਮਾਰਚ 1985 ਵਿੱਚ ਕਤਲ ਕਰ ਦਿੱਤਾ ਗਿਆ ਸੀ। ਪ੍ਰਾਪਤ ਪਰਿਵਾਰਕ ਜਾਣਕਾਰੀ ਅਨੁਸਾਰ, 18 ਮਾਰਚ 1985 ਨੂੰ ਉਨ੍ਹਾਂ ਨੂੰ ਅਗਵਾ ਕਰਕੇ ਕਤਲ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਮ੍ਰਿਤਕ ਦੇਹ ਫ਼ਰੀਦਕੋਟ ਰੇਲਵੇ ਲਾਈਨ ਨੇੜੇ ਸੁੱਟ ਦਿੱਤੀ ਗਈ ਸੀ। ਅਗਲੇ ਦਿਨ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ। ਇਸ ਦੁਖਦਾਈ ਘਟਨਾ ਨੇ ਬਾਬਾ ਜੋਗਿੰਦਰ ਸਿੰਘ ਜੀ ਅਤੇ ਸਮੁੱਚੇ ਪਰਿਵਾਰ ਨੂੰ ਡੂੰਘਾ ਸਦਮਾ ਪਹੁੰਚਾਇਆ।

ਇਸ ਪਰਿਵਾਰ ਦੀਆਂ ਕੁਰਬਾਨੀਆਂ ਦਾ ਪੂਰਾ ਵੇਰਵਾ ਅਤੇ ਸਹੀ ਗਿਣਤੀ ਦੱਸਣਾ ਆਸਾਨ ਨਹੀਂ। ਪਰ ਇਹ ਗੱਲ ਸਪੱਸ਼ਟ ਹੈ ਕਿ ਅਨੇਕਾਂ ਪਰਿਵਾਰਕ ਮੈਂਬਰਾਂ, ਪੁੱਤਰਾਂ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਨੇ ਕੌਮ ਵਾਸਤੇ ਸ਼ਹਾਦਤਾਂ ਪ੍ਰਾਪਤ ਕੀਤੀਆਂ ਹਨ। ਇਸੇ ਕਰਕੇ ਬਾਬਾ ਜੋਗਿੰਦਰ ਸਿੰਘ ਜੀ ਦਾ ਪਰਿਵਾਰ ਪੰਥਕ ਇਤਿਹਾਸ ਵਿੱਚ ਕੁਰਬਾਨੀ ਅਤੇ ਸਮਰਪਣ ਦੀ ਇੱਕ ਵਿਸ਼ੇਸ਼ ਮਿਸਾਲ ਵਜੋਂ ਯਾਦ ਕੀਤਾ ਜਾਂਦਾ ਹੈ।

**ਪੁੱਤਰ ਦੀ ਮੌਤ ਦੇ ਸਦਮੇ ਦੇ ਬਾਵਜੂਦ ਪੰਥਕ ਸੰਘਰਸ਼ ਤੋਂ ਪਿੱਛੇ ਨਹੀਂ ਹਟੇ**-ਸਾਲ 1985 ਦੌਰਾਨ ਜਦੋਂ ਸਿੱਖ ਨੌਜਵਾਨਾਂ ਅਤੇ ਧਰਮੀ ਫ਼ੌਜੀਆਂ ਦੀ ਰਿਹਾਈ ਦਾ ਮਸਲਾ ਗੰਭੀਰ ਬਣਿਆ ਹੋਇਆ ਸੀ, ਉਸ ਸਮੇਂ ਬਾਬਾ ਜੋਗਿੰਦਰ ਸਿੰਘ ਜੀ ਸੰਯੁਕਤ ਅਕਾਲੀ ਦਲ ਦੀ ਅਗਵਾਈ ਨਾਲ ਜੁੜੇ ਹੋਏ ਸਨ। ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਗ੍ਰਿਫ਼ਤਾਰੀ ਦੌਰਾਨ ਉਨ੍ਹਾਂ ਨੇ ਪੰਥਕ ਜ਼ਿੰਮੇਵਾਰੀ ਨਿਭਾਉਂਦਿਆਂ ਸੰਘਰਸ਼ ਨੂੰ ਅੱਗੇ ਵਧਾਇਆ।

ਉਨ੍ਹਾਂ ਵੱਲੋਂ 21 ਮਾਰਚ 1985 ਨੂੰ ਪੰਜਾਬ ਵਿਧਾਨ ਸਭਾ ਦੇ ਘਿਰਾਓ ਦਾ ਸੱਦਾ ਦਿੱਤਾ ਗਿਆ ਸੀ। ਇਸ ਸੰਘਰਸ਼ ਦਾ ਮੁੱਖ ਮਕਸਦ ਜੋਧਪੁਰ ਜੇਲ੍ਹ ਵਿੱਚ ਬੰਦ ਸਿੱਖ ਨਜ਼ਰਬੰਦਾਂ ਅਤੇ ਧਰਮੀ ਫ਼ੌਜੀਆਂ ਦੀ ਰਿਹਾਈ ਦੀ ਮੰਗ ਉਠਾਉਣਾ ਸੀ। ਇਸੇ ਦੌਰਾਨ 18 ਮਾਰਚ ਨੂੰ ਉਨ੍ਹਾਂ ਦੇ ਪੁੱਤਰ ਭਾਈ ਜਗਜੀਤ ਸਿੰਘ ਜੀ ਦਾ ਕਤਲ ਹੋ ਗਿਆ। ਕਿਸੇ ਵੀ ਪਿਤਾ ਲਈ ਇਹ ਬਹੁਤ ਵੱਡਾ ਸਦਮਾ ਸੀ, ਪਰ ਬਾਬਾ ਜੋਗਿੰਦਰ ਸਿੰਘ ਜੀ ਨੇ ਨਿੱਜੀ ਦੁੱਖ ਨੂੰ ਪੰਥਕ ਫ਼ਰਜ਼ ਦੇ ਰਾਹ ਵਿੱਚ ਰੁਕਾਵਟ ਨਹੀਂ ਬਣਨ ਦਿੱਤਾ।

ਉਨ੍ਹਾਂ ਨੇ ਇਹ ਸਪੱਸ਼ਟ ਕੀਤਾ ਕਿ ਜੇਕਰ ਇਸ ਦੁਖਦਾਈ ਘਟਨਾ ਕਾਰਨ ਸੰਘਰਸ਼ ਮੁਲਤਵੀ ਕਰ ਦਿੱਤਾ ਗਿਆ ਤਾਂ ਵਿਰੋਧੀ ਤਾਕਤਾਂ ਆਪਣੇ ਮਕਸਦ ਵਿੱਚ ਕਾਮਯਾਬ ਹੋ ਜਾਣਗੀਆਂ। ਉਨ੍ਹਾਂ ਨੇ ਆਪਣੇ ਪੁੱਤਰ ਦੇ ਅੰਤਿਮ ਸੰਸਕਾਰ ਦੀ ਜ਼ਿੰਮੇਵਾਰੀ ਬਾਬਾ ਠਾਕੁਰ ਸਿੰਘ ਜੀ ਨੂੰ ਸੌਂਪੀ ਅਤੇ ਪੰਥਕ ਮੰਗਾਂ ਲਈ ਚੰਡੀਗੜ੍ਹ ਵੱਲ ਕੂਚ ਕੀਤਾ। ਇਸ ਦੌਰਾਨ ਰਸਤੇ ਵਿੱਚ ਰੋਕਾਂ, ਨਾਕਾਬੰਦੀਆਂ ਅਤੇ ਲਾਠੀਚਾਰਜ ਵਰਗੀਆਂ ਸਥਿਤੀਆਂ ਦਾ ਵੀ ਸਾਹਮਣਾ ਕਰਨਾ ਪਿਆ।

ਇਹ ਘਟਨਾ ਬਾਬਾ ਜੋਗਿੰਦਰ ਸਿੰਘ ਜੀ ਦੀ ਦ੍ਰਿੜ੍ਹਤਾ, ਸਿਦਕ ਅਤੇ ਪੰਥਕ ਨਿਸ਼ਠਾ ਦੀ ਅਜਿਹੀ ਮਿਸਾਲ ਹੈ, ਜਿਸ ਨੂੰ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਤੌਰ 'ਤੇ ਯਾਦ ਕੀਤਾ ਜਾਣਾ ਚਾਹੀਦਾ ਹੈ।

**ਬਾਬਾ ਠਾਕੁਰ ਸਿੰਘ ਜੀ ਅਤੇ ਬਾਬਾ ਜੋਗਿੰਦਰ ਸਿੰਘ ਜੀ ਦੀਆਂ ਪੰਥਕ ਸੇਵਾਵਾਂ**-ਜੂਨ 1984 ਤੋਂ ਬਾਅਦ ਦਾ ਸਮਾਂ ਸਿੱਖ ਕੌਮ ਲਈ ਬੇਹੱਦ ਔਖਾ ਅਤੇ ਚੁਣੌਤੀਆਂ ਭਰਿਆ ਸੀ। ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਫ਼ੌਜੀ ਹਮਲੇ ਤੋਂ ਬਾਅਦ ਪੰਥਕ ਸੰਸਥਾਵਾਂ, ਸਿੱਖ ਨੌਜਵਾਨਾਂ ਅਤੇ ਸੰਗਤਾਂ ਨੂੰ ਕਈ ਤਰ੍ਹਾਂ ਦੇ ਸੰਕਟਾਂ ਵਿੱਚੋਂ ਲੰਘਣਾ ਪਿਆ। ਅਜਿਹੇ ਬਿਖੜੇ ਸਮੇਂ ਵਿੱਚ ਦਮਦਮੀ ਟਕਸਾਲ ਦੇ ਕਾਰਜਕਾਰੀ ਮੁਖੀ ਸੰਤ ਬਾਬਾ ਠਾਕੁਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਪੰਥਕ ਜ਼ਿੰਮੇਵਾਰੀਆਂ ਨਿਭਾਈਆਂ। ਇਸੇ ਦੌਰ ਵਿੱਚ ਬਾਬਾ ਜੋਗਿੰਦਰ ਸਿੰਘ ਜੀ ਰੋਡਿਆਂ ਵਾਲਿਆਂ ਨੇ ਵੀ ਆਪਣੀ ਸਮਰੱਥਾ ਅਨੁਸਾਰ ਪੰਥਕ ਸੇਵਾਵਾਂ ਜਾਰੀ ਰੱਖੀਆਂ।

ਬਾਬਾ ਠਾਕੁਰ ਸਿੰਘ ਜੀ ਅਤੇ ਬਾਬਾ ਜੋਗਿੰਦਰ ਸਿੰਘ ਜੀ ਨੇ ਔਖੇ ਹਾਲਾਤਾਂ ਵਿੱਚ ਪੰਥਕ ਮਸਲਿਆਂ ਨੂੰ ਉਭਾਰਨ, ਸੰਗਤਾਂ ਨੂੰ ਜੋੜਨ ਅਤੇ ਕੌਮ ਦੀ ਅਗਵਾਈ ਕਰਨ ਵਾਲੇ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਇਆ। ਦਮਦਮੀ ਟਕਸਾਲ ਦੇ ਸਿੰਘਾਂ ਅਤੇ ਬਾਬਾ ਜੋਗਿੰਦਰ ਸਿੰਘ ਜੀ ਦੇ ਪਰਿਵਾਰ ਵੱਲੋਂ ਉਸ ਸਮੇਂ ਪੰਥਕ ਸੇਵਾਵਾਂ ਨਿਭਾਉਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਨਿੱਜੀ ਮੁਸ਼ਕਲਾਂ ਅਤੇ ਪਰਿਵਾਰਕ ਦੁੱਖਾਂ ਦੇ ਬਾਵਜੂਦ ਕੌਮ ਦੀ ਸੇਵਾ ਨੂੰ ਪਹਿਲ ਦਿੱਤੀ ਗਈ।

ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸੱਚਖੰਡ ਪਿਆਨਾ ਕਰਨ ਤੋਂ ਬਾਅਦ ਪੰਥਕ ਹਾਲਾਤ ਬਹੁਤ ਨਾਜ਼ੁਕ ਸਨ। ਅਜਿਹੇ ਸਮੇਂ ਵਿੱਚ ਬਾਬਾ ਠਾਕੁਰ ਸਿੰਘ ਜੀ ਨੇ ਦਮਦਮੀ ਟਕਸਾਲ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ ਅਤੇ ਬਾਬਾ ਜੋਗਿੰਦਰ ਸਿੰਘ ਜੀ ਨੇ ਵੀ ਪੰਥਕ ਮਸਲਿਆਂ ਤੋਂ ਆਪਣਾ ਮੂੰਹ ਨਹੀਂ ਮੋੜਿਆ। ਦੋਵਾਂ ਸ਼ਖ਼ਸੀਅਤਾਂ ਦੀਆਂ ਸੇਵਾਵਾਂ ਨੂੰ ਉਸ ਦੌਰ ਦੇ ਸਿੱਖ ਸੰਘਰਸ਼ ਦੇ ਸੰਦਰਭ ਵਿੱਚ ਸਮਝਣਾ ਬਹੁਤ ਜ਼ਰੂਰੀ ਹੈ।

**ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਪ੍ਰਧਾਨਗੀ ਅਤੇ ਅੰਬੈਸਡਰ ਕਾਰ ਦੀਆਂ ਚਾਬੀਆਂ ਸੌਂਪੀਆਂ**-ਸੰਯੁਕਤ ਅਕਾਲੀ ਦਲ ਦੇ ਪੰਥਕ ਸਫ਼ਰ ਵਿੱਚ ਬਾਬਾ ਜੋਗਿੰਦਰ ਸਿੰਘ ਜੀ ਦੀ ਇੱਕ ਹੋਰ ਮਹੱਤਵਪੂਰਨ ਭੂਮਿਕਾ ਸਰਦਾਰ ਸਿਮਰਨਜੀਤ ਸਿੰਘ ਮਾਨ ਨਾਲ ਜੁੜੀ ਹੋਈ ਹੈ। ਉਸ ਸਮੇਂ ਸਰਦਾਰ ਮਾਨ ਜੇਲ੍ਹ ਵਿੱਚ ਸਨ ਅਤੇ ਪੰਥਕ ਰਾਜਨੀਤੀ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਸੀ। ਬਾਬਾ ਜੋਗਿੰਦਰ ਸਿੰਘ ਜੀ ਨੇ ਉਸ ਦੌਰ ਵਿੱਚ ਪਾਰਟੀ ਦੀ ਅਗਵਾਈ ਦੀ ਜ਼ਿੰਮੇਵਾਰੀ ਨਿਭਾਈ।

1989 ਦੀਆਂ ਲੋਕ ਸਭਾ ਚੋਣਾਂ ਵਿੱਚ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਸੰਗਰੂਰ ਹਲਕੇ ਤੋਂ ਜਿੱਤ ਅਤੇ ਉਨ੍ਹਾਂ ਦੀ ਪੰਥਕ ਰਾਜਨੀਤੀ ਵਿੱਚ ਮੁੜ ਸਰਗਰਮ ਭੂਮਿਕਾ ਤੋਂ ਬਾਅਦ ਬਾਬਾ ਜੋਗਿੰਦਰ ਸਿੰਘ ਜੀ ਨੇ ਉਨ੍ਹਾਂ ਨੂੰ ਪਾਰਟੀ ਦੀ ਪ੍ਰਧਾਨਗੀ ਸੌਂਪੀ। ਇਸ ਮੌਕੇ ਉਨ੍ਹਾਂ ਨੇ ਸਿਰਫ਼ ਪ੍ਰਧਾਨਗੀ ਦੀ ਜ਼ਿੰਮੇਵਾਰੀ ਹੀ ਨਹੀਂ ਸੌਂਪੀ, ਸਗੋਂ ਆਪਣੀ ਅੰਬੈਸਡਰ ਕਾਰ ਦੀਆਂ ਚਾਬੀਆਂ ਵੀ ਸਰਦਾਰ ਸਿਮਰਨਜੀਤ ਸਿੰਘ ਮਾਨ ਦੇ ਹਵਾਲੇ ਕੀਤੀਆਂ ਅਤੇ ਖ਼ੁਦ ਪਿੰਡ ਰੋਡੇ ਵਾਪਸ ਆ ਗਏ।



ਇਹ ਘਟਨਾ ਉਸ ਸਮੇਂ ਦੇ ਅਖ਼ਬਾਰਾਂ ਵਿੱਚ ਵੀ ਪ੍ਰਕਾਸ਼ਿਤ ਹੋਈ ਸੀ। ਇਸ ਸਬੰਧੀ ਜਾਣਕਾਰੀ ਉਸ ਦੌਰ ਦੀਆਂ ਅਖ਼ਬਾਰੀ ਰਿਪੋਰਟਾਂ ਅਤੇ ਬਾਬਾ ਜੋਗਿੰਦਰ ਸਿੰਘ ਜੀ ਦੇ ਨਜ਼ਦੀਕੀ ਸਾਥੀਆਂ ਤੋਂ ਮਿਲੇ ਵੇਰਵਿਆਂ ਵਿੱਚ ਵੀ ਦਰਜ ਹੈ। ਇਸ ਘਟਨਾ ਨੂੰ ਸਿਰਫ਼ ਇੱਕ ਰਾਜਨੀਤਕ ਅਹੁਦੇ ਦੇ ਤਬਾਦਲੇ ਵਜੋਂ ਨਹੀਂ, ਸਗੋਂ ਪੰਥਕ ਜ਼ਿੰਮੇਵਾਰੀ ਅਗਲੀ ਅਗਵਾਈ ਨੂੰ ਸੌਂਪਣ ਅਤੇ ਨਿੱਜੀ ਮੋਹ ਤੋਂ ਉੱਪਰ ਉੱਠ ਕੇ ਸੇਵਾ ਦੇਣ ਦੀ ਭਾਵਨਾ ਵਜੋਂ ਵੀ ਵੇਖਿਆ ਜਾਂਦਾ ਹੈ।

ਬਾਬਾ ਜੋਗਿੰਦਰ ਸਿੰਘ ਜੀ ਨੇ ਆਪਣੀ ਜ਼ਿੰਦਗੀ ਵਿੱਚ ਅਹੁਦਿਆਂ ਜਾਂ ਸਿਆਸੀ ਲਾਭਾਂ ਨੂੰ ਕਦੇ ਵੀ ਨਿੱਜੀ ਮਕਸਦ ਨਹੀਂ ਬਣਾਇਆ। ਜਦੋਂ ਉਨ੍ਹਾਂ ਨੂੰ ਲੱਗਿਆ ਕਿ ਪੰਥਕ ਅਗਵਾਈ ਦੀ ਜ਼ਿੰਮੇਵਾਰੀ ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਸੌਂਪਣੀ ਚਾਹੀਦੀ ਹੈ ਤਾਂ ਉਨ੍ਹਾਂ ਨੇ ਇਹ ਫ਼ੈਸਲਾ ਕੀਤਾ ਅਤੇ ਖ਼ੁਦ ਪਿੱਛੇ ਹਟ ਕੇ ਪਿੰਡ ਵਿੱਚ ਰਹਿਣਾ ਪਸੰਦ ਕੀਤਾ।

**ਅਗਲੀ ਪੀੜ੍ਹੀ ਨੇ ਵੀ ਪੰਥਕ ਜ਼ਿੰਮੇਵਾਰੀਆਂ ਨਿਭਾਈਆਂ**-ਬਾਬਾ ਜੋਗਿੰਦਰ ਸਿੰਘ ਜੀ ਦੇ ਪਰਿਵਾਰ ਦੀ ਪੰਥਕ ਸੇਵਾ ਇੱਕ ਪੀੜ੍ਹੀ ਤੱਕ ਸੀਮਤ ਨਹੀਂ ਰਹੀ। ਭਾਈ ਜਸਬੀਰ ਸਿੰਘ ਰੋਡੇ ਨੇ ਵੀ ਸਿੱਖ ਪੰਥਕ ਸਰਗਰਮੀਆਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ ਇੰਗਲੈਂਡ ਦੇ ਵਾਲਸਾਲ ਵਿੱਚ 23 ਸਤੰਬਰ 1984 ਨੂੰ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੀ ਸਥਾਪਨਾ ਨਾਲ ਜੁੜ ਕੇ ਸਿੱਖ ਨੌਜਵਾਨਾਂ ਨੂੰ ਜਥੇਬੰਦ ਕਰਨ ਦੇ ਯਤਨ ਕੀਤੇ। ਬਾਅਦ ਵਿੱਚ ਮਾਰਚ 1988 ਵਿੱਚ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲੀ।

ਭਾਈ ਲਖਬੀਰ ਸਿੰਘ ਰੋਡੇ ਨੇ ਵੀ ਪੰਥਕ ਸਰਗਰਮੀਆਂ ਵਿੱਚ ਆਪਣਾ ਯੋਗਦਾਨ ਪਾਇਆ। ਉਹ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਨਾਲ ਜੁੜੇ ਰਹੇ ਅਤੇ ਲੰਮਾ ਸਮਾਂ ਜਲਾਵਤਨੀ ਵਿੱਚ ਵੀ ਰਹੇ। ਉਨ੍ਹਾਂ ਦਾ 1 ਦਸੰਬਰ 2023 ਨੂੰ ਪਾਕਿਸਤਾਨ ਵਿੱਚ ਦੇਹਾਂਤ ਹੋ ਗਿਆ।

ਇਸੇ ਤਰ੍ਹਾਂ ਭਾਈ ਜਸਬੀਰ ਸਿੰਘ ਰੋਡੇ ਦੇ ਸਪੁੱਤਰ ਭਾਈ ਗੁਰਮੁਖ ਸਿੰਘ ਨੂੰ ਵੀ ਕਈ ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹੋਣ ਦੀ ਜਾਣਕਾਰੀ ਸਾਹਮਣੇ ਆਉਂਦੀ ਰਹੀ ਹੈ। ਉਨ੍ਹਾਂ ਉੱਤੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਤਹਿਤ ਮਾਮਲਾ ਦਰਜ ਹੋਣ ਦੀ ਗੱਲ ਦੱਸੀ ਜਾਂਦੀ ਹੈ ਅਤੇ ਪਰਿਵਾਰਕ ਪੱਖ ਅਨੁਸਾਰ ਉਹ ਲਗਭਗ ਪੰਜ ਸਾਲਾਂ ਤੋਂ ਜੇਲ੍ਹ ਵਿੱਚ ਹਨ। ਉਨ੍ਹਾਂ ਦੀ ਰਿਹਾਈ ਦ

## ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ

# ‘ਅੰਤਰਰਾਸ਼ਟਰੀ ਕਾਵਿ ਮਿਲਣੀ’ ਦੀ ਛੇਵੀਂ ਵਰ੍ਹੇਗੰਢ ਯਾਦਗਾਰੀ ਪੈੜਾਂ ਛੱਡਦੀ ਸਮਾਪਤ ਹੋਈ




**ਬਰੈਂਪਟਨ, 17 ਨਵੰਬਰ ( ਰਮਿੰਦਰ ਵਾਲੀਆ ):-**ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫ਼ਾਊਂਡਰ , ਪ੍ਰਧਾਨ ਅਤੇ ਪ੍ਰਬੰਧਕ ਰਮਿੰਦਰ ਰੰਮੀ ਅਤੇ ਪ੍ਰਬੰਧਕੀ ਟੀਮ ਮੈਂਬਰਜ਼ ਵੱਲੋਂ ਆਨਲਾਈਨ ਮਹੀਨਾਵਾਰ “ ਅੰਤਰਰਾਸ਼ਟਰੀ ਕਾਵਿ ਮਿਲਣੀ “ 15 ਨਵੰਬਰ ਦਿਨ ਐਤਵਾਰ ਨੂੰ 10 ਵਜੇ ਸਵੇਰੇ ਕੈਨੇਡਾ ਅਤੇ ਭਾਰਤ 8/30 ਵਜੇ ਸ਼ਾਮ ਨੂੰ ਦਾ ਆਯੋਜਨ ਕੀਤਾ ਗਿਆ।ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵਾਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਕਾਵਿ ਮਿਲਣੀ ਦੀ ਇਹ ਛੇਵੀਂ ਵਰ੍ਹੇਗੰਢ ਹੈ। ਹੁਣ ਤੱਕ 1000 ਦੇ ਕਰੀਬ ਨਾਮਵਰ ਸ਼ਖ਼ਸੀਅਤਾਂ ਦੇਸ਼ ਵਿਦੇਸ਼ ਤੋਂ ਇਸ ਕਾਵਿ ਮਿਲਣੀ ਵਿੱਚ ਸ਼ਿਰਕਤ ਕਰ ਕਰ ਚੁੱਕੀਆਂ ਹਨ। ਰਿੰਟੂ ਭਾਟੀਆ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਆਰਤੀ ਦੇ ਗਾਇਨ ਨਾਲ ਇਸ ਪ੍ਰੋਗਰਾਮ ਦਾ ਆਗਾਜ਼ ਕੀਤਾ । ਐਡਵਾਈਜ਼ਰ ਡਾ. ਪੁਸ਼ਿਵੰਦਰ ਕੌਰ ਨੇ ਪ੍ਰਬੰਧਕੀ ਟੀਮ ਬਾਰੇ ਜਾਣਕਾਰੀ ਦਿੰਦਿਆਂ ਪ੍ਰੋਗਰਾਮ ਵਿੱਚ ਸ਼ਾਮਲ , ਸਾਰੀਆ ਹੀ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ ।ਸਰਪ੍ਰਸਤ ਸੁਰਜੀਤ ਜੀ ਨੇ ਸਾਰੀਆ ਸ਼ਾਮਿਲ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਹਿੰਦਿਆਂ ,ਮੰਚ ਦੀਆਂ ਸਰਗਰਮੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਹੈਕਿ ਛੇ ਸਾਲ ਤੋਂ ਮੰਚ ਲਗਾਤਾਰ ਸਰਗਰਮ ਹੈ । ਫਿਰ ਡਾ. ਬਲਜੀਤ ਕੌਰ ਰਿਆੜ ਜੋ ਕਿ ਮੰਚ ਦੇ ਕਨਵੀਨਰ ਨੇ ਛੇਵੀਂ ਵਰ੍ਹੇਗੰਢ ਤੇ ਵਧਾਈ ਦਿੱਤੀ ਤੇ ਸਾਰਿਆਂ ਦਾ ਧੰਨਵਾਦ ਕਰਦਿਆਂ ਪ੍ਰੋਗਰਾਮ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਉਹਨਾਂ ਨੇ ਪ੍ਰੋਗਰਾਮ ਸ਼ੁਰੂ ਕਰਦਿਆਂ ਸਭਤੋਂ ਪਹਿਲਾਂ ਵਿਸ਼ੇ ਸ਼ ਮਹਿਮਾਨਾਂ ਵਿੱਚੋਂ ਸੁਰਿੰਦਰਪ੍ਰੀਤ ਘਣੀਆਂ ਜੀ ਨੂੰ ਕਵਿਤਾ ਪੇਸ਼ ਕਰਨ ਦਾ ਸੱਦਾ ਦਿੱਤਾ । ਉਹਨਾਂ ਕਿਹਾ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਸ਼ਾਇਰ ਕਹਾਉਣਾ ਪਸੰਦ ਕਰਦੇ ਸਨ । ਅਮਰਜੀਤ ਸਿੰਘ ਜੀ ਨੇ “ ਅੱਜ ਲਿਖੀ ਜਾਂ ਕੱਲ ਲਿਖੀ , ਮਸਲੇ ਦਾ ਹੱਲ ਲਿਖੀ” ਖੂਬਸੂਰਤ ਗਜ਼ਲ ਸੁਣਾਈ। ਆਸ਼ੂ ਕੁਮਰਾ ਜੀ ਨੇ ,”ਮਹਿਫ਼ਲ ਦੇ ਵਿੱਚ ਕੀ ਕੀ ਗੱਲ ਸੁਣਾਵਾਂ ਮੈਂ” ਸ਼ੇਅਰ ਕਹਿ ਤੇ “ ਤੂੰ ਹੀ ਤੂੰ” ਖੂਬਸੂਰਤ ਨਜ਼ਮ ਸੁਣਾਈ ।ਤਰਿੰਦਰ ਕੌਰ ਨੇ ਨਜ਼ਮ“ ਕਵਿਤਾ” ਸੁਣਾ ਕੇ ਆਪਣੀ ਹਾਜ਼ਰੀ ਲਵਾਈ । ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਵਿਦਿਆਰਥੀ ਜਤਨਦੀਪ ਸਿੰਘ ਨੇ ਆਪਣੀ ਗ.ਜ਼ਲ ,” ਕਿੰਨੇ ਰੋਗ ਨੇ ਸਹਿਣੇ ਬਾਕੀ ਰਹਿ ਗਏ”ਸੁਣਾ ਕੇ ਸਰੋਤਿਆਂ ਦੀ ਵਾਹ ਵਾਹ ਖੱਟੀ ।ਮਨਜੀਤ ਸਿੰਘ ਚਾਤ੍ਰਿਕ ਜੀ ਨੇ ਅਨੁਪ੍ਰਾਸ ਅਲੰਕਾਰ ਨਾਲ ਸ਼ਿੰਗਾਰੀ ਕਵਿਤਾ “ ਬਸੰਤ ਰਾਗ” ਤੇ ,” ਕੁਝ ਤਾ ਕਰ ਲੈ , ਕੁਝ ਤਾਂ ਹੋਜਾ” ਰਚਨਾਵਾਂ ਸੁਣਾ ਕੇ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ ।ਉਹਨਾਂ ਦੀ ਵਿਲੱਖਣ ਅੰਦਾਜ਼ ਦੀ ਕਵਿਤਾ ਸਰੋਤਿਆਂ ਨੂੰ ਕੀਲ ਲੈਂਦੀ ਹੈ। ਕੈਨੇਡਾ ਤੋਂ ਹਰਦਿਆਲ ਸਿੰਘ ਝੀਤਾ ਜੀ ਨੇ ,” ਅਸੀਂ ਤੇ ਨਾਨਕ ਇੱਕ ਦੂਜੇ ਤੋ ਲੱਖਾ ਕੋਹਾਂ ਦੂਰ ਖੜੇ ਹਾਂ” ਸ਼ੇਅਰ ਕਹਿਕੇ ਖੂਬਸੂਰਤ ਨਜ਼ਮ ਸੁਣਾਈ ਜੋ ਵਕਤ ਦੀ ਨਜ਼ਾਕਤ ਅਨੁਸਾਰ ਸੱਚ ਤੇ ਪਹਿਰਾ ਦੇਣ ਦੀ ਸੋਚ ਦ੍ਰਿੜ ਕਰਵਾਉਦੀ ਸੀ। ਸਕੱਤਰ ਪ੍ਰੋ ਪਵਨ ਖਿੱਚੀ ਨੇ ਆਪਣੀ ਖੂਬਸੂਰਤ ਰਚਨਾ ,” ਨਾਨਕ ਨਾਮ” ਸੁਣਾਈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ ਨੂੰ ਪੇਸ਼ ਕਰਦੀ ਸੀ । ਬੇਅੰਤ ਕੌਰ ਗੁਰਾਇਆ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਆਪਣੀ ਰਚਨਾ ,”ਵਿਚ ਨਨਕਾਣੇ ਚੰਨ ਚੜ੍ਹਿਆ” ਸੁਣਾਈ । ਦੀਪ ਕੁਲਦੀਪ ਜੀ ਨੇ ਆਪਣੀ ਗ.ਜ਼ਲ ,” ਜੇ ਜਿਗਰਾ ਪਰਖਣਾ ਤਾ ਸੁਕਦੀ ਤਲਵਾਰ ਤੱਕ ਆਇਓ“ ਸੁਣਾ ਕੇ ਸਰੋਤਿਆਂ ਤੋਂ ਵਾਹ ਵਾਹ ਖੱਟੀ ।ਗੁਰਦਾਸ ਸਿੰਘ ਥਬਾਲ ਨੇ “ਬੁੱਲ੍ਹਾਂ ਦੇ ਦਰਵਾਜ਼ੇ ਬੰਦ ਨੇ” ਸੁਣਾ ਕੇ ਹਾਜ਼ਰੀ ਲਵਾਈ । ਬਾਜਵਾ ਸਿੰਘ ਨੇ ਤਰੰਨਮ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਖੂਬਸੂਰਤ ਕਵਿਤਾ ਸੁਣਾਈ। ਮੁੱਖ ਮਹਿਮਾਨ ਸ੍ਰੀ ਸਹਿਜਪ੍ਰੀਤ ਮਾਂਗਟ ਜੀ ਨੇ ,” ਬਾਬਲ ਨਾਲ ਜੇ ਬੈਠੀ ਹੋਵੇ ਧੀ ਤੇ ਕੁਦਰਤ ਇੱਕੋ ਜਿਹੇ ਨੇ” ਬਾਬਲ ਤੇ ਧੀ ਦੇ ਖੂਬਸੂਰਤ ਰਿਸ਼ਤੇ ਨੂੰ ਪ੍ਰਗਟਾਉਂਦੀ ਰਚਨਾ ਸੁਣਾ ਕੇ ਸਾਰਿਆਂ ਨੂੰ ਕੀਲ ਲਿਆ। ਸਰੋਤੇ ਵਜੋਂ ਪ੍ਰੋਗਰਾਮ ਵਿੱਚ ਸ਼ਾਮਿਲ ਅਵਤਾਰ ਸਿੰਘ ਜੀ ਨੇ ਆਪਣੀ ਖੂਬਸੂਰਤ ਗ.ਜ਼ਲ ਤਰੰਨਮ ਵਿੱਚ ,” ਸੂਲ਼ੀ ਚੜ੍ਹ ਕੇ ਗਾਉਂਦਾ ਇੱਕ ਪਰਵਾਨਾ ਹੈ” ।ਸਰੋਤੇ ਵਜੋਂ ਪਰੋਗਰਾਮ ਵਿੱਚ ਹਾਜ਼ਰ ਮੋਹਨਗ ਲਾਲ ਜੀ ਨੇ ਵੀ ਆਪਣੀ ਨਜ਼ਮ ਸੁਣਾ ਕੇ ਹਾਜ਼ਰੀ ਲਵਾਈ। ਡਾ. ਬਲਜੀਤ ਕੌਰ ਰਿਆੜ ਜੋ ਕਿ ਮੰਚ ਦੇ ਕਨਵੀਨਰ ਨੇ ਛੇਵੀਂ ਵਰ੍ਹੇਗੰਢ ਤੇ ਵਧਾਈ ਦਿੱਤੀ ਤੇ ਸਾਰਿਆਂ ਦਾ ਧੰਨਵਾਦ ਕਰਦਿਆਂ ਪ੍ਰੋਗਰਾਮ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਸੁਰਜੀਤ ਜੀ ਨੇ ਆਪਣੀ ਕਵਿਤਾ,” ਡਿਜੀਟਲ ਯੁੱਗ” ਸੁਣਾਈ ਜੋ ਨਵੀਂ ਤੇ ਪੁਰਾਣੀ ਪੀੜੀ ਦੀ ਲਿਖਣ ਕਲਾ ਦੀ ਤੁਲਨਾ ਕਰਦਿਆਂ ਪੁਰਾਣੀ ਪੀੜ੍ਹੀ ਦਾ ਸੰਘਰਸ਼ ਤੇ ਧਰੋਹਰ ਤਕਨਾਲੋਜੀ ਨਾਲ ਸਾਂਭਣ ਦਾ ਸੁਨੇਹਾ ਦਿੱਤਾ॥ ਰਮਿੰਦਰ ਵਾਲੀਆ ਜੀ ਨੇ ਆਪਣੀ ਰਚਨਾ ,” ਤੇਰਾ ਸਰੂਰ” ਸੁਣਾਈ ।

ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚੇਅਰਮੈਨ ਪਿਆਰਾ ਸਿੰਘ ਕੁੱਦੋਵਾਲ ਜੀ ਨੇ ਸਾਰੇ ਸ਼ਾਇਰਾਂ ਦਾ ਧੰਨਵਾਦ ਕਰਦਿਆਂ ਬਹੁਤ ਹਾਂ ਵਿਸ਼ਲੇਸ਼ਣਾਤਮਕ ਅੰਦਾਜ਼ ਵਿਚ ਸਮੁੱਚੀ ਪੇਸ਼ਕਾਰੀ ਦਾ ਸੰਖੇਪ ਸਾਰ ਕੀਤਾ ਤੇ ਭਾਗ ਲੈਣ ਵਾਲੀਆ ਸਾਰੀਆ ਸ਼ਖਸੀਅਤਾਂ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਤੇ ਪ੍ਰੋਗਰਾਮ ਦੀ ਲਗਾਤਾਰਤਾ ਲਈ ਪ੍ਰੋਗਰਾਮ ਦੀ ਆਯੋਜਿਕਾ ਰਮਿੰਦਰ ਰੰਮੀ ਜੀ ਦੀ ਸ਼ਲਾਘਾ ਕੀਤੀ । ।ਪ੍ਰੋਗਰਾਮ ਦੇ ਸੁਚੱਜੇ ਸੰਚਾਲਨ ਲਈ ਸੁਰਜੀਤ ਜੀ ਦਾ ਸ਼ੁਕਰਾਨਾ ਕੀਤਾ ।ਉਹਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਆਪਣੀ ਰਚਨਾ “ ਤੇਰੇ ਆਉਣ ਤੱਕ ਦਾਤਾ ਬੜਾ ਹਨੇਰਾ ਸੀ” ਗੁਰੂ ਨਾਨਕ ਜੀ ਦੇ ਆਗਮਨ ਸਮੇਂ ਦੇ ਸਮਾਜਿਕ ਧਾਰਮਿਕ ਤੇ ਰਾਜਨੀਤਕ ਹਾਲਾਤਾਂ ਨੂੰ ਖੂਬਸੂਰਤ ਸ਼ਬਦਾਂ ਵਿਚ ਪੇਸ਼ ਕੀਤਾ । ਮੁੱਖ ਮਹਿਮਾਨ ਸਹਿਜਪ੍ਰੀਤ ਮਾਂਗਟ ਜੀ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਮੰਚ ਦੀ ਸਮੁੱਚੀ ਟੀਮ ਦਾ ਫਿਰ ਤਹਿ ਦਿਲ ਤੋਂ ਸ਼ੁਕਰਾਨਾ ਕੀਤਾ ।ਡਾ .ਨਵਰੂਪ ਕੌਰ , ਪਰਮਜੀਤ ਦਿਓਲ , ਅੰਮ੍ਰਿਤਾ ਦਰਸ਼ਨ , ਪਰਮਜੀਤ ਢਿੱਲੋਂ , ਡਾ . ਸਤਿੰਦਰ ਕੌਰ ਕਾਹਲੋਂ , ਮਨਜੀਤ ਕੌਰ ਤੇ ਹੋਰ ਬਹੁਤ ਅਦਬੀ ਸ਼ਖ਼ਸੀਅਤਾਂ ਨੇ ਦੇਸ਼ ਵਿਦੇਸ਼ ਤੋਂ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ । ਚੈਟ ਬਾਕਸ ਵਿੱਚ ਤੇ ਲਾਈਵ ਪ੍ਰੋਗਰਾਮ ਦੇਖ ਰਹੇ ਦੋਸਤਾਂ ਨੇ ਕਮੈਂਟਸ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ ਤੇ ਪ੍ਰੋਗਰਾਮ ਦੀ ਸਰਾਹਨਾ ਵੀ ਕੀਤੀ । ਇਹ ਰਿਪੋਰਟ ਡਾ. ਪੁਸ਼ਿਵੰਦਰ ਕੌਰ ਜੀ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ। ਇਸ ਤਰਾਂ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਅੰਤਰਰਾਸ਼ਟਰੀ ਕਾਵਿ ਮਿਲਣੀ “ ਦੀ ਛੇਵੀਂ ਵਰ੍ਹੇਗੰਢ ਯਾਦਗਾਰੀ ਪੈੜਾਂ ਛੱਡਦੀ ਸਮਾਪਤ ਹੋਈ। “

**-ਰਮਿੰਦਰ ਰੰਮੀ**
**ਫ਼ਾਊਂਡਰ , ਪ੍ਰਧਾਨ ਅਤੇ ਪ੍ਰਬੰਧਕ ,**
**ਅੰਤਰਰਾਸ਼ਟਰੀ ਸਾਹਿਤਕ ਸਾਂਝਾਂ**



ਆਵਾਜ਼ਿ ਕੌਮ AWAZE QAUM
International Newspaper & WEB TV

ੴ

ਧੰਨ-ਧੰਨ ਸੰਤ ਗਿਆਨੀ ਜ਼ਰਨੈਲ ਸਿੰਘ ਜੀ
ਖ਼ਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਬੋਗ ਪਿਤਾ ਜੀ



ਸੱਚਖੰਡਵਾਸੀ ਬਾਬਾ ਜੋਗਿੰਦਰ ਸਿੰਘ ਜੀ ਖਾਲਸਾ

# ਸੱਚਖੰਡਵਾਜ਼ੀ ਬਾਬਾ ਜ਼ੋਗਿੰਦਰ ਸਿੰਘ ਜ਼ੀ ਦੀ 33ਵੀਂ ਬਰਸੀ

## ਮੌਕੇ ਵਿਸ਼ਾਲ ਗੁਰਮਤਿ ਸਮਾਗਮ



ਸਿੱਖ ਕੌਮ ਦੀ ਮਹਾਨ ਸ਼ਖ਼ਸੀਅਤ, ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਪਿਤਾ ਜੀ ਬਾਬਾ ਬਾਬਾ ਜੋਗਿੰਦਰ ਸਿੰਘ ਜੀ ਦੀ 33ਵੀਂ ਬਰਸੀ ਸ਼ਰਧਾ, ਸ਼ਤਿਕਾਰ ਅਤੇ ਪੂਰਨ ਗੁਰਮਰਿਆਦਾ ਅਨੁਸਾਰ ਮਨਾਈ ਜਾ ਰਹੀ ਹੈ। ਇਸ ਪਾਵਨ ਮੌਕੇ ਗੁਰਦੁਆਰਾ ਸੰਤ ਖ਼ਾਲਸਾ, ਪਿੰਡ ਰੋਡੇ, ਜ਼ਿਲ੍ਹਾ ਮੋਗਾ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸ ਮੌਕੇ ਸਮੂਹ ਸੰਗਤਾਂ ਨੂੰ ਗੁਰੂ ਜਸ ਸਰਵਣ ਕਰਨ ਅਤੇ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

## ਸਮਾਗਮ ਦਾ ਵੇਰਵਾ:

**ਮਿਤੀ:** 18 ਨਵੰਬਰ 2026 ਦਿਨ ਬੁੱਧਵਾਰ

**ਸਮਾਂ:** ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ

**ਸਥਾਨ:** ਗੁਰਦੁਆਰਾ ਸੰਤ ਖਾਲਸਾ, ਪਿੰਡ ਰੋਡੇ, ਜ਼ਿਲ੍ਹਾ ਮੋਗਾ।

ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਸ਼ਰਧਾ ਅਤੇ ਸਤਿਕਾਰ ਨਾਲ ਮਨਾਏ ਜਾ ਰਹੇ ਸਮਾਗਮ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖ਼ਸ਼ੀਆਂ ਪ੍ਰਾਪਤ ਕਰਨ ਅਤੇ ਆਪਣੀ ਹਾਜ਼ਰੀ ਲਗਵਾਉਣ।

ਵੱਲੋਂ: ਸਮੂਹ ਬਾਬਾ ਪਰਿਵਾਰ ਅਤੇ ਨਗਰ ਪੰਚਾਇਤਾਂ



**ਭਾਈ ਰਘਬੀਰ ਸਿੰਘ**
ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ



**ਭਾਈ ਪਰਮਜ਼ੀਤ ਸਿੰਘ ਢਾਡੀ**
ਅੰਤਰਰਾਸ਼ਟਰੀ ਆਰਗੇਨਾਈਜ਼ਰ ਇੰਟਰਨੈਸ਼ਨਲ ਪੰਥਕ ਦਲ



**ਭਾਈ ਕਪਤਾਨ ਸਿੰਘ**
ਜਨਰਲ ਸਕੱਤਰ ਅਤੇ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ



**ਬਾਬਾ ਬਘੇਲ ਸਿੰਘ**
ਜਥੇਦਾਰ ਧਾਰਮਿਕ ਵਿੰਗ ਇੰਗਲੈਂਡ ਅਤੇ ਯੂਰਪ

### ਆਈਡੀਅਲ ਕੌਨਵੈਂਟ ਸਕੂਲ ਹਠੂਰ ਦੇ

# ਸਟਾਫ ਅਤੇ ਬੱਚਿਆਂ ਨੇ ਲਗਾਇਆ ਟੂਰ









**ਪੰਚਕੂਲਾ/ਹਰਿਆਣਾ (ਵਰਿਆਮ ਹਠੂਰ)**-ਜਿਲ੍ਹਾ ਲੁਧਿਆਣਾ ਦੇ ਪ੍ਰਸਿੱਧ ਕਸਬਾ ਹਠੂਰ ਵਿਖੇ ਸਥਿੱਤ ਆਈਡੀਅਲ ਕੌਨਵੈਂਟ ਸਕੂਲ ਦੇ ਸਟਾਫ ਅਤੇ ਬੱਚਿਆਂ ਨੇ ਪ੍ਰਿੰਸੀਪਲ ਅਜੇਪਾਲ ਸਿੰਘ ਧਾਲੀਵਾਲ ਅਤੇ ਵਾਇਸ ਪ੍ਰਿੰਸੀਪਲ ਮੈਡਮ ਮਨਪ੍ਰੀਤ ਕੌਰ ਧਾਲੀਵਾਲ ਦੀ ਦੇਖ ਰੇਖ ਹੇਠ ਪੰਚਕੂਲਾ (ਹਰਿਆਣਾ) ਦਾ ਟੂਰ ਲਗਾਇਆ, ਸਕੂਲ ਸਟਾਫ ਨੇ ਬੱਚਿਆਂ ਦੇ ਮਨੋਰੰਜਨ ਲਈ ਬੱਚਿਆਂ ਨੂੰ ਵੱਖ-ਵੱਖ ਥਾਵਾਂ ਤੇ ਲਿਜਾ ਕੇ ਵਿਸ਼ੇਸ਼ ਵੱਖ-ਵੱਖ ਸਥਾਨਾਂ ਬਾਰੇ ਜਾਣਕਾਰੀ ਦਿੱਤੀ, ਤੇ ਬੱਚਿਆਂ ਨੇ ਖੂਬ ਮਸਤੀ ਅਤੇ ਮਨੋਰੰਜਨ ਕੀਤਾ, ਸਕੂਲ ਸਟਾਫ ਅਤੇ ਬੱਚਿਆਂ ਨੇ ਪ੍ਰਸਿੱਧ ਜਗ੍ਹਾ ਚੋਖੀ ਢਾਣੀ ਵਿੱਚ ਰਾਜਸਥਾਨੀ ਕਲਚਰ, ਬਾਰੇ ਵੀ ਜਾਣਕਾਰੀ ਹਾਸਿਲ ਕੀਤੀ, ਤੇ ਸ਼ੈਰ ਸਪਾਟੇ ਦਾ ਅਨੰਦ ਮਾਣਿਆ, ਬੱਚਿਆਂ ਨੇ ਜਿੱਥੇ ਝੂਲੇ, ਮਿੰਕੀ ਮਾਊਸ, ਮੈਜਿਕ ਸ਼ੋਅ, ਕੈਮਿਲ ਰਾਈਡ, ਹੌਰਸ ਰਾਇਡ ਦਾ ਖੂਬ ਅਨੰਦ ਮਾਣਿਆ, ਉੱਥੇ ਲਾਜਵਾਬ ਖਾਣੇ ਦਾ ਵੀ ਅਨੰਦ ਮਾਣਿਆ, ਬੱਚਿਆਂ ਨੇ ਸਮੂਹ ਸਕੂਲ ਸਟਾਫ ਦਾ ਧੰਨਵਾਦ ਕੀਤਾ, ਗੱਲਬਾਤ ਕਰਦਿਆਂ ਪ੍ਰਿੰਸੀਪਲ ਅਜੇਪਾਲ ਸਿੰਘ ਧਾਲੀਵਾਲ ਅਤੇ ਮੈਡਮ ਮਨਪ੍ਰੀਤ ਕੌਰ ਧਾਲੀਵਾਲ ਨੇ ਕਿਹਾ ਕਿ ਸਾਡੇ ਸਕੂਲ ਵਿੱਚ ਬੱਚਿਆਂ ਨੂੰ ਚੰਗੀ ਵਿੱਦਿਆ ਦੇ ਨਾਲ-ਨਾਲ ਜਿੱਥੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਖੇਡਾਂ ਨਾਲ ਜੋੜਿਆ ਜਾਂਦਾ ਹੈ। ਉੱਥੇ ਸਕੂਲ ਵਿੱਚ ਹਰ ਤਰ੍ਹਾਂ ਦੇ ਪ੍ਰੋਗਰਾਮ ਕਰਵਾਏ ਜਾਂਦੇ ਹਨ। ਤੇ ਬੱਚਿਆਂ ਨੂੰ ਅੱਛੇ ਸੰਸਕਾਰ ਦਿੱਤੇ ਜਾਂਦੇ ਹਨ। ਤੇ ਸਮੇਂ ਸਮੇਂ ਤੇ ਅਜਿਹੇ ਟੂਰ ਵੀ ਲਿਜਾਏ ਜਾਂਦੇ ਹਨ। ਸਾਡੇ ਸਕੂਲ ਦਾ ਉਦੇਸ਼ ਬੱਚਿਆਂ ਨੂੰ ਕੱਲਾ ਕਿਤਾਬੀ ਗਿਆਨ ਦੇਣਾ ਹੀ ਨਹੀਂ ਸਗੋਂ ਉਨ੍ਹਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਮੂਹ ਸਕੂਲ ਸਟਾਫ ਲਗਾਤਾਰ ਸਖਤ ਮਿਹਨਤ ਕਰ ਰਿਹਾ ਹੈ। ਅੰਤ ਵਿੱਚ ਉਨ੍ਹਾਂ ਕਿਹਾ ਕਿ ਸਕੂਲ ਸਟਾਫ ਅਤੇ ਬੱਚਿਆਂ ਨੇ ਖੂਬ ਮਨੋਰੰਜਨ ਕੀਤਾ ਤੇ ਆਈਡੀਅਲ ਕੌਨਵੈਂਟ ਸਕੂਲ ਹਠੂਰ ਦਾ ਇਹ ਟੂਰ ਮਿੱਠੀਆਂ ਯਾਦਾਂ ਛੱਡ ਗਿਆ ਜੋ ਹਮੇਸ਼ਾਂ ਯਾਦ ਰਹੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

## ਵੱਖ-ਵੱਖ ਜਗ੍ਹਾ ਬੱਚਿਆਂ ਨੇ ਕੀਤਾ ਖੂਬ ਮਨੋਰੰਜਨ ਤੇ ਰਾਜਸਥਾਨੀ ਕਲਚਰ ਬਾਰੇ ਵੀ ਜਾਣਿਆ

# ਸੱਤਿਆ ਐਲੀਮੈਂਟਰੀ ਸਕੂਲ ਹਠੂਰ ਵਿਖੇ ਬਾਲ ਮੇਲਾ ਅਤੇ ਰੰਗ ਤਿਰੰਗ ਪ੍ਰੋਗਰਾਮ ਕਰਵਾਇਆ

## ਮੁੱਖ ਮਹਿਮਾਨ ਵਜੋਂ ਐੱਸ.ਐੱਮ.ਓ ਹਠੂਰ ਗੁਰਵਿੰਦਰ ਕੌਰ ਨੇ ਭਰੀ ਹਾਜਰੀ





ਹਠੂਰ/ਜਗਰਾਉਂ -(ਵਰਿਆਮ ਹਠੂਰ) ਭਾਰਤੀ ਏਅਰਟੈੱਲ ਫਾਊਡੇਸ਼ਨ ਦੇ ਸੱਤਿਆ ਐਲੀਮੈਂਟਰੀ ਸਕੂਲ ਹਠੂਰ (ਲੁਧਿਆਣਾ) ਵਿਖੇ ਹੈੱਡ ਟੀਚਰ ਮੈਡਮ ਸੀਮਾ ਰਾਣੀ ਅਤੇ ਸਮੂਹ ਸਕੂਲ ਸਟਾਫ ਦੀ ਦੇਖ ਰੇਖ ਹੇਠ ਬਾਲ ਮੇਲਾ ਅਤੇ ਰੰਗ ਤਿਰੰਗ ਪ੍ਰੋਗਰਾਮ ਧੂਮ ਧਾਮ ਨਾਲ ਕਰਵਾਇਆ, ਇਸ ਮੌਕੇ ਮੁੱਖ ਮਹਿਮਾਨ ਵਜੋਂ ਸੀ ਐੱਚ ਸੀ ਹਠੂਰ ਤੋਂ ਸੀਨੀਅਰ ਮੈਡੀਕਲ ਅਫਸਰ ਮੈਡਮ ਗੁਰਵਿੰਦਰ ਕੌਰ ਲੁਧਿਆਣਾ, ਅਤੇ ਏ ਐੱਨ ਐੱਮ ਮੈਡਮ ਜਸਵਿੰਦਰ ਕੌਰ ਸਮੇਤ ਹੋਰ ਸਤਿਕਾਰਯੋਗ ਸ਼ਖਸੀਅਤਾਂ ਨੇ ਸਿਰਕਤ ਕੀਤੀ, ਤੇ ਪ੍ਰੋਗਰਾਮ ਨੂੰ ਹੋਰ ਵੀ ਚਾਰ ਚੰਨ ਲਾਉਣ ਲਈ ਬੱਚਿਆਂ ਦੇ ਮਾਪਿਆਂ ਨੇ ਵੀ ਆਪਣੀ ਹਾਜਰੀ ਭਰੀ, ਮੁੱਖ ਮਹਿਮਾਨਾਂ ਅਤੇ ਬੱਚਿਆਂ ਦੇ ਮਾਪਿਆਂ ਨੂੰ ਸਮੂਹ ਸਕੂਲ ਸਟਾਫ ਨੇ ਜੀ ਆਇਆਂ ਆਖਿਆ, ਬੱਚਿਆਂ ਨੇ ਜਿੱਥੇ ਸਟੇਜ ਤੋਂ ਵੱਖ-ਵੱਖ ਐਕਟਿਵੀਆਂ ਕੀਤੀਆਂ ਤੇ ਖੂਬ ਮਨੋਰੰਜਨ ਕੀਤਾ ਉੱਥੇ ਬੱਚਿਆਂ ਵਿਚਕਾਰ ਡਰਾਇੰਗ ਮੁਕਾਬਲੇ ਕਰਵਾਏ ਗਏ, ਬੱਚਿਆਂ ਨੇ ਡਰਾਇੰਗ ਮੁਕਾਬਲੇ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਤੇ ਜੇਤੂਆਂ ਨੂੰ ਸਕੂਲ ਸਟਾਫ ਵੱਲੋਂ ਸਨਮਾਨਿਤ ਕੀਤਾ ਗਿਆ, ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਐੱਸ ਐੱਮ ਓ ਹਠੂਰ ਮੈਡਮ ਗਰਵਿੰਦਰ ਕੌਰ ਨੇ ਅਤੇ ਏ ਐੱਨ ਐੱਮ ਮੈਡਮ ਜਸਵਿੰਦਰ ਕੌਰ ਨੇ ਬੱਚਿਆਂ ਦਾ ਹੌਸਲਾ ਵਧਾਇਆ ਤੇ ਬੱਚਿਆਂ ਨੂੰ ਚੰਗੀ ਮਿਹਨਤ ਕਰਕੇ ਅੱਗੇ ਆਉਣ ਲਈ ਥਾਪੜਾ ਦਿੱਤਾ, ਸਕੂਲ ਸਟਾਫ ਵੱਲੋਂ ਭਾਰਤੀ ਏਅਰਟੈੱਲ ਫਾਊਂਡੇਸ਼ਨ ਦੁਆਰਾ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਤੋਂ ਸਾਰਿਆਂ ਨੂੰ ਚਾਨਣਾ ਪਾਇਆ, ਅੰਤ ਵਿੱਚ ਹੈੱਡ ਟੀਚਰ ਮੈਡਮ ਸੀਮਾ ਰਾਣੀ ਨੇ ਪਹੁੰਚੇ ਹੋਏ ਮੁੱਖ ਮਹਿਮਾਨਾਂ ਅਤੇ ਬੱਚਿਆਂ ਦੇ ਮਾਪਿਆਂ ਦਾ ਸਕੂਲ ਪਹੁੰਚਣ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਇਸ ਮੌਕੇ ਸਕੂਲ ਸਟਾਫ ਵਿੱਚ ਹੈੱਡ ਟੀਚਰ ਮੈਡਮ ਸੀਮਾ ਰਾਣੀ, ਮੈਡਮ ਮੋਨਿਕਾ ਜੈਨ, ਅਨੂ ਰਾਣੀ, ਗੁਰਪ੍ਰੀਤ ਕੌਰ, ਜਸਪ੍ਰੀਤ ਕੌਰ, ਗੁਰਪ੍ਰੀਤ ਕੌਰ, ਗੁਰਜੀਤ ਕੌਰ, ਨਿਧੀ ਜੈਨ, ਜਸਵੀਰ ਕੌਰ, ਮਨਦੀਪ ਕੌਰ, ਕਮਲਜੀਤ ਕੌਰ, ਪ੍ਰੀਤ ਸਿੰਘ, ਸਤਵਿੰਦਰ ਸਿੰਘ, ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV



### ਧਾਰਮਿਕ ਅਤੇ ਵਿਦਿਅਕ ਮੁਕਾਬਲਿਆਂ ਵਿੱਚ

# ਖਾਲਸਾ ਅਕੈਡਮੀ ਮਹਿਤਾ ਚੌਕ ਦੀ ਸ਼ਾਨਦਾਰ ਪ੍ਰਾਪਤੀ




**ਚੌਕ ਮਹਿਤਾ,17 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਮਾਨਯੋਗ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਮੁਖੀ ਦਮਦਮੀ ਟਕਸਾਲ ਅਤੇ ਪ੍ਰਧਾਨ ਸੰਤ ਸਮਾਜ ਜੀ ਦੀ ਸੁਯੋਗ ਰਹਿਨੁਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ, ਮਹਿਤਾ ਚੌਕ ਦੇ ਵਿਦਿਆਰਥੀਆਂ ਨੇ ਧਾਰਮਿਕ ਅਤੇ ਵਿਦਿਅਕ ਖੇਤਰ ਵਿੱਚ ਇੱਕ ਹੋਰ ਸ਼ਾਨਦਾਰ ਪ੍ਰਾਪਤੀ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਮਿਤੀ 13 ਅਤੇ 14 ਨਵੰਬਰ 2026 ਨੂੰ ਦਮਦਮੀ ਟਕਸਾਲ ਰਣਜੀਤ ਅਖਾੜਾ, ਵਡਾਲਾ ਗ੍ਰੰਥੀਆਂ ਵੱਲੋਂ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਸਾਲਾਨਾ ਧਾਰਮਿਕ ਅਤੇ ਵਿਦਿਅਕ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਲਗਭਗ 30 ਸਕੂਲਾਂ ਦੇ 1000 ਤੋਂ ਵੱਧ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਮੁਕਾਬਲਿਆਂ ਵਿੱਚ ਗੁਰਬਾਣੀ ਕੀਰਤਨ, ਸ਼ੁੱਧ ਗੁਰਬਾਣੀ ਕੰਠ, ਕਵੀਸ਼ਰੀ, ਕਵਿਤਾ, ਸੁੰਦਰ ਦਸਤਾਰ, ਦੁਮਾਲਾ ਅਤੇ ਚਾਰਟ ਮੇਕਿੰਗ ਆਦਿ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਖਾਲਸਾ ਅਕੈਡਮੀ, ਮਹਿਤਾ ਚੌਕ ਦੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ, ਮਿਹਨਤ ਅਤੇ ਲਗਨ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਹੇਠ ਲਿਖੇ ਸਥਾਨ ਹਾਸਲ ਕੀਤੇ:

1. ਸੀਨੀਅਰ ਕੀਰਤਨ ਗਰੁੱਪ - ਪਹਿਲਾ ਸਥਾਨ
2. ਜੂਨੀਅਰ ਕੀਰਤਨ ਗਰੁੱਪ - ਪਹਿਲਾ ਸਥਾਨ
3. ਸੀਨੀਅਰ ਕੀਰਤਨ (ਇਕਹਿਰਾ) - ਪਹਿਲਾ ਅਤੇ ਦੂਜਾ ਸਥਾਨ
4. ਜੂਨੀਅਰ ਕੀਰਤਨ (ਇਕਹਿਰਾ) - ਪਹਿਲਾ ਅਤੇ ਦੂਜਾ ਸਥਾਨ
5. ਕਵੀਸ਼ਰੀ (ਜੂਨੀਅਰ ਲੜਕੇ) - ਪਹਿਲਾ ਸਥਾਨ
6. ਕਵੀਸ਼ਰੀ (ਸੀਨੀਅਰ ਲੜਕੇ) - ਦੂਜਾ ਸਥਾਨ
7. ਕਵੀਸ਼ਰੀ (ਜੂਨੀਅਰ ਲੜਕੀਆਂ) - ਦੂਜਾ ਸਥਾਨ
8. ਕਵੀਸ਼ਰੀ (ਸੀਨੀਅਰ ਲੜਕੀਆਂ) - ਤੀਜਾ ਸਥਾਨ
9. ਸੁੰਦਰ ਦੁਮਾਲਾ (ਸੀਨੀਅਰ ਲੜਕੇ) - ਪਹਿਲਾ ਸਥਾਨ
10. ਸੁੰਦਰ ਦੁਮਾਲਾ (ਜੂਨੀਅਰ ਲੜਕੇ) - ਪਹਿਲਾ ਸਥਾਨ
11. ਸੁੰਦਰ ਦੁਮਾਲਾ (ਜੂਨੀਅਰ ਲੜਕੀਆਂ) - ਪਹਿਲਾ ਸਥਾਨ
12. ਸੁੰਦਰ ਦਸਤਾਰ (ਪੱਗ) - ਦੂਜਾ ਸਥਾਨ
13. ਕਵਿਤਾ (ਸੀਨੀਅਰ ਵਰਗ) - ਤੀਜਾ ਸਥਾਨ
14. ਕਵਿਤਾ (ਜੂਨੀਅਰ ਵਰਗ) - ਤੀਜਾ ਸਥਾਨ
15. ਚਾਰਟ ਮੇਕਿੰਗ - ਚਾਰ ਤੀਜੇ ਸਥਾਨ

**20 ਟਰਾਫੀਆਂ ਜਿੱਤ ਕੇ ਹਾਸਲ ਕੀਤਾ ਸਰਵੋਤਮ ਸਕੂਲ ਦਾ ਖਿਤਾਬ**

ਇਸ ਤਰ੍ਹਾਂ ਅਕੈਡਮੀ ਦੇ ਵਿਦਿਆਰਥੀਆਂ ਨੇ ਕੁੱਲ 20 ਟਰਾਫੀਆਂ ਆਪਣੇ ਨਾਮ ਕਰਦਿਆਂ ਮੁਕਾਬਲਿਆਂ ਵਿੱਚ ਸਰਵੋਤਮ ਸਕੂਲ ਦਾ ਖਿਤਾਬ ਹਾਸਲ ਕੀਤਾ। ਇਹ ਪ੍ਰਾਪਤੀ ਸਮੁੱਚੀ ਅਕੈਡਮੀ ਲਈ ਬੇਹੱਦ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ। ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਦੇ ਡਾਇਰੈਕਟਰ-ਪ੍ਰਿੰਸੀਪਲ ਡਾ. ਜਤਿੰਦਰ ਕੁਮਾਰ ਸ਼ਰਮਾ, ਕਾਲਜ ਦੇ ਪ੍ਰਿੰਸੀਪਲ ਸ. ਗੁਰਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਸ. ਹਰਸ਼ਦੀਪ ਸਿੰਘ ਰੰਧਾਵਾ, ਸੰਗੀਤ ਅਧਿਆਪਕ ਸ. ਗੁਰਮੁਖ ਸਿੰਘ ਅਤੇ ਸਮੂਹ ਸਟਾਫ਼ ਵੱਲੋਂ ਜੇਤੂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਦਿਲੋਂ ਵਧਾਈ ਦਿੱਤੀ ਗਈ। ਉਨ੍ਹਾਂ ਨੇ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਸਫਲਤਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਹ ਮਾਣਮੱਤੀ ਪ੍ਰਾਪਤੀ ਵਿਦਿਆਰਥੀਆਂ ਦੀ ਅਣਥੱਕ ਮਿਹਨਤ, ਅਧਿਆਪਕਾਂ ਦੀ ਯੋਗ ਅਗਵਾਈ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ।

### ਆਈ ਜੀ ਬਾਰਡਰ ਰੇਂਜ ਅਤੇ ਐਸਐਸਪੀ ਦਿਹਾਤੀ ਅੰਮ੍ਰਿਤਸਰ ਦੀ ਰਹਿਨੁਮਾਈ ਹੇਠ ਵੱਡਾ ਸਰਚ ਆਪਰੇਸ਼ਨ ਚਲਾਇਆ ਗਿਆ

### ਹੁਣ ਤੱਕ ਮਿਲੀ ਜਾਣਕਾਰੀ ਮੁਤਾਬਕ 75 ਦੇ ਕਰੀਬ ਲੋਕ ਗ੍ਰਿਫ਼ਤਾਰ ਹੋ ਚੁੱਕੇ ਆਈ ਜੀ ਸ: ਭੁੱਲਰ



**ਜੰਡਿਆਲਾ ਗੁਰੂ, 17 ਨਵੰਬਰ ( ਕੁਲਵੰਤ ਸਿੰਘ ਵਿਰਦੀ )**-ਮੁੱਖ ਮੰਤਰੀ ਪੰਜਾਬ ਵੱਲੋਂ ਚਲਾਈਆਂ ਜਾ ਰਹੀਆਂ ਦੋ ਵੱਡੀਆਂ ਮੁਹਿੰਮਾਂ ਯੁੱਧ ਨਸ਼ਿਆਂ ਵਿਰੁੱਧ ਤੇ ਗੈਂਗਸਟਰਾਂ ਦੇ ਵਾਰ ਤਹਿਤ ਅੱਜ ਬਾਰਡਰ ਰੇਂਜ ਦੇ ਆਈ ਜੀ ਗੁਰਪ੍ਰੀਤ ਸਿੰਘ ਭੁੱਲਰ ਅਤੇ ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਪੂਰੇ ਜ਼ਿਲ੍ਹੇ 'ਚ ਵੱਡਾ ਸਰਚ ਆਪ੍ਰੇਸ਼ਨ ਚਲਾਇਆ ਹੋਇਆ ਹੈ। ਇਸ ਆਪ੍ਰੇਸ਼ਨ ਦੀ ਅਗਵਾਈ ਖੁਦ ਐੱਸ.ਐੱਸ.ਪੀ. ਅੰਮ੍ਰਿਤਸਰ ਦਿਹਾਤੀ ਕਵਲਪ੍ਰੀਤ ਸਿੰਘ ਚਾਹਲ ਨੇ ਕੀਤੀ। ਇਸ ਦੌਰਾਨ ਵੱਖ ਵੱਖ ਇਲਾਕਿਆਂ ਦੇ ਡੀ ਐਸ ਪੀ ਅਤੇ ਐੱਸ ਐੱਚ ਉ ਤੋਂ ਇਲਾਵਾ ਡੀ.ਐੱਸ.ਪੀ. ਜੰਡਿਆਲਾ ਬਲਜੀਤ ਸਿੰਘ, ਐੱਸ.ਐੱਚ.ਓ. ਜੰਡਿਆਲਾ ਹਰਪਾਲ ਸਿੰਘ ਸਮੇਤ ਸਮੂਹ ਅਧਿਕਾਰੀ ਮੌਕੇ 'ਤੇ ਹਾਜ਼ਰ ਸਨ। ਜੰਡਿਆਲਾ ਗੁਰੂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਆਈਜੀ ਬਾਰਡਰ ਰੇਂਜ ਗੁਰਪ੍ਰੀਤ ਸਿੰਘ ਭੁੱਲਰ ਨੇ ਦਸਿਆ ਕਿ ਸਵੇਰੇ ਤੜਕੇ ਤੋਂ ਹੀ ਪੂਰੇ ਦਿਹਾਤੀ ਜ਼ਿਲ੍ਹੇ 'ਚ ਸਰਚ ਅਪ੍ਰੇਸ਼ਨ ਸ਼ੁਰੂ ਕਰ ਦਿੱਤਾ ਗਿਆ ਸੀ। ਇਸ ਸਪੈਸ਼ਲ ਆਪ੍ਰੇਸ਼ਨ 'ਚ 17 ਥਾਣੇ ਸ਼ਾਮਲ ਸਨ। ਜਿਸ ਵਿੱਚ 750 ਦੇ ਕਰੀਬ ਫੋਰਸ ਦੇ ਅਧਿਕਾਰੀ ਮੁਲਾਜ਼ਮ ਲਗਾਏ ਗਏ। ਗੈਂਗਸਟਰਾਂ ਦੇ ਸਾਥੀਆਂ ਤੇ ਨਸ਼ਾ ਵੇਚਣ ਵਾਲੇ ਅਤੇ ਸਪਲਾਇਰਾਂ ਦੀਆਂ ਪਹਿਲਾਂ ਤੋਂ ਤਿਆਰ ਲਿਸਟਾਂ 'ਤੇ ਕਾਰਵਾਈ ਕੀਤੀ ਗਈ। ਜਿਨ੍ਹਾਂ 'ਤੇ ਜ਼ਿਆਦਾ ਸ਼ੱਕ ਸੀ, ਉੱਥੇ ਸਖ਼ਤ ਤਰੀਕੇ ਨਾਲ ਰੇਡ ਕੀਤੀ ਗਈ। ਆਈ ਜੀ ਬਾਰਡਰ ਰੇਂਜ ਨੇ ਦਸਿਆ ਕਿ ਹੁਣ ਤੱਕ ਮਿਲੀ ਜਾਣਕਾਰੀ ਮੁਤਾਬਕ 75 ਦੇ ਕਰੀਬ ਲੋਕ ਗ੍ਰਿਫ਼ਤਾਰ ਹੋ ਚੁੱਕੇ ਹਨ ਅਤੇ ਸ਼ਾਮ ਤੱਕ ਪੂਰਾ ਅੰਕੜਾ ਪਬਲਿਕ ਨਾਲ ਸਾਂਝਾ ਕੀਤਾ ਜਾਵੇਗਾ। ਇਸ ਮੌਕੇ ਆਈ ਜੀ ਭੁੱਲਰ ਨੇ ਪਬਲਿਕ ਨਾਲ ਵੀ ਗੱਲਬਾਤ ਕੀਤੀ। ਲੋਕਾਂ ਦਾ ਕਹਿਣਾ ਸੀ ਕਿ ਪੁਲਿਸ ਦੇ ਐਕਸ਼ਨ ਨਾਲ ਨਸ਼ਾ ਤਸਕਰਾਂ ਤੇ ਮਾੜੇ ਅਨਸਰਾਂ 'ਤੇ ਠੱਲ ਪਈ ਹੈ। ਜੰਡਿਆਲਾ ਗੁਰੂ ਜੀਟੀ ਰੋਡ ਤੇ ਲਗਾਏ ਗਏ ਹਾਈ ਟੈਕ ਪੁਲਿਸ ਨਾਕੇ ਦੀ ਵੀ ਜਨਤਾ ਵੱਲੋਂ ਪ੍ਰਸ਼ੰਸਾ ਕੀਤੀ ਗਈ ਜਿਸ ਨਾਲ ਮਾੜੇ ਅਨਸਰਾਂ ਨੂੰ ਠਲ ਪਈ ਹੈ। ਆਈ ਜੀ ਭੁੱਲਰ ਨੇ ਕਿਹਾ ਕਿ ਬਹੁਤ ਸਾਰੇ ਲੋਕ ਨਸ਼ਾ ਛੱਡ ਕੇ ਇਲਾਜ ਕਰਵਾਉਣਾ ਚਾਹੁੰਦੇ ਹਨ, ਪਰ ਉਹ ਦਿਹਾੜੀਦਾਰ ਹੋਣ ਕਰਕੇ ਇਲਾਜ ਤੋਂ ਪਿੱਛੇ ਹਟ ਜਾਂਦੇ ਹਨ ਕਿ ਉਨ੍ਹਾਂ ਦੀ ਦਿਹਾੜੀ ਟੁੱਟ ਜਾਵੇਗੀ। ਓਹਨਾਂ ਕਿਹਾ ਕਿ ਅਸੀਂ ਅਜਿਹੇ ਲੋਕਾਂ ਦੀ ਇਲਾਜ ਦੌਰਾਨ ਮਦਦ ਕਰਾਂਗੇ। ਜੇ ਪਰਿਵਾਰ ਨੂੰ ਲੰਗਰ ਜਾਂ ਹੋਰ ਲੋੜ ਹੈ ਤਾਂ ਐੱਨ.ਜੀ.ਓ., ਗੁਰਦੁਆਰਾ ਜਾਂ ਮੰਦਰ ਕਮੇਟੀਆਂ ਨੂੰ ਬੇਨਤੀ ਕਰਾਂਗੇ, ਤਾਂ ਕਿ ਕੋਈ ਵੀ ਵਿਅਕਤੀ ਸਿਰਫ਼ ਦਿਹਾੜੀ ਟੁੱਟਣ ਦੇ ਡਰੋਂ ਇਲਾਜ ਤੋਂ ਵਾਂਝਾ ਨਾ ਰਹਿ ਜਾਵੇ। ਪੁਲਿਸ ਨੇ ਨੌਜਵਾਨਾਂ ਤੇ ਬੱਚਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਮਾੜੀ ਸੰਗਤ ਤੋਂ ਬਚਣ। ਜੇ ਕੋਈ ਉਨ੍ਹਾਂ ਨੂੰ ਭਰਮਾ ਕੇ ਨਸ਼ੇ ਵੱਲ ਲਿਜਾਣ ਦੀ ਕੋਸ਼ਿਸ਼ ਕਰੇ ਤਾਂ ਉਸਨੂੰ ਨਜ਼ਰਅੰਦਾਜ਼ ਕਰਨ। ਓਹਨਾਂ ਨੇ ਜਨਤਾ ਨੂੰ ਅਪੀਲ ਕੀਤੀ ਕਿ ਨਸ਼ਾ ਤਸਕਰਾਂ ਤੇ ਗੈਂਗਸਟਰਾਂ ਖਿਲਾਫ਼ ਲੜਾਈ 'ਚ ਪੁਲਿਸ ਦਾ ਸਹਿਯੋਗ ਦਿਓ ਤਾਂ ਕਿ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਜਾ ਸਕੇ।

### ਆਊਟਸੋਰਸ ਸਿਹਤ ਵਿਭਾਗ ਮੁਲਾਜਮ ਯੂਨੀਅਨ ਪੰਜਾਬ ਜਥੇਬੰਦੀ ਵੱਲੋਂ

# ਸੰਗਰੂਰ ਵਿਖੇ ਕੀਤੀ ਗਈ ਸੂਬਾ ਕਮੇਟੀ ਅਹੁੱਦੇਦਾਰਾਂ ਦੀ ਮੀਟਿੰਗ



**ਜੰਡਿਆਲਾ ਗੁਰੂ, 17 ਨਵੰਬਰ ( ਕੁਲਵੰਤ ਸਿੰਘ ਵਿਰਦੀ )**-ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਪੰਜਾਬ ਜਥੇਬੰਦੀ ਦੀ ਅਹਿਮ ਮੀਟਿੰਗ ਸੂਬਾ ਪ੍ਰਧਾਨ ਗੁਰਜਿੰਦਰ ਸਿੰਘ ਔਲਖ (ਬਠਿੰਡਾ) ਦੀ ਪ੍ਰਧਾਨਗੀ ਹੇਠ ਸੰਗਰੂਰ ਵਿਖੇ ਕੀਤੀ ਗਈ। ਇਸ ਮੌਕੇ ਵੱਖ- ਵੱਖ ਆਗੂ ਬੁਲਾਰਿਆਂ ਨੇ ਦੱਸਿਆ ਕਿ ਆਊਟਸੋਰਸ ਜਥੇਬੰਦੀ ਵੱਲੋਂ ਕੱਚੇ ਮੁਲਾਜ਼ਮਾ ਨੂੰ ਪੱਕੇ ਕਰਵਾਉਣ ਦੀਆਂ ਮੰਗਾਂ ਅਤੇ ਮਸਲਿਆਂ ਦੇ ਨਾਲ ਸਬੰਧਤ ਮੀਟਿੰਗਾਂ ਵਾਰ-ਵਾਰ ਮਾਣਯੋਗ ਸਿਹਤ ਮੰਤਰੀ ਪੰਜਾਬ, ਮਾਣਯੋਗ ਵਿੱਤ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠ ਕੈਬਨਿਟ ਸਬ-ਕਮੇਟੀ ਅਤੇ ਸਿਹਤ ਵਿਭਾਗ ਦੇ ਡਾਇਰੈਕਟਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ, ਡਾਇਰੈਕਟਰ ਐੱਨ.ਐੱਚ.ਐੱਮ ਚੰਡੀਗੜ੍ਹ ਵਿਖੇ ਮੀਟਿੰਗਾਂ ਵੀ ਲਗਾ ਚੁੱਕੇ ਹਨ। ਪਰ ਪੰਜਾਬ ਸਰਕਾਰ ਜਾਂ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਇਹਨਾਂ ਆਊਟਸੋਰਸ (ਕੱਚੇ ਕਾਮਿਆਂ) ਨੂੰ ਪੱਕੇ ਕਰਨ ਲਈ ਲਗਾਤਾਰ ਟਾਲਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ। ਕਿਉਂਕਿ ਪੰਜਾਬ ਸਰਕਾਰ ਵੱਲੋਂ ਜੋ ਬਿੱਲ 2026 ਪਾਸ ਕੀਤਾ ਗਿਆ ਹੈ ਉਸ ਬਿੱਲ ਵਿੱਚ ਬਹੁਤ ਸਾਰੀਆਂ ਸ਼ਰਤਾਂ ਹੋਣ ਕਰਕੇ ਬਹੁ-ਗਿਣਤੀ ਮੁਲਾਜ਼ਮ ਇਸ ਬਿੱਲ ਤੋਂ ਬਾਹਰ ਹਨ ਅਤੇ ਉਹਨਾਂ ਉੱਪਰ ਪਾਲਿਸੀ ਲਾਗੂ ਨਹੀਂ ਹੁੰਦੀ ਅਤੇ ਇਹਨਾਂ ਕੱਚੇ ਕਾਮਿਆਂ ਨੂੰ ਵਿਭਾਗ ਅਧੀਨ ਲੈਣ ਤੋਂ ਪੰਜਾਬ ਸਰਕਾਰ ਭੱਜਦੀ ਨਜ਼ਰ ਆ ਰਹੀ ਹੈ। ਜਿਵੇਂ ਕਿ ਸਫ਼ਾਈ ਸੇਵਕ, ਓਟ ਕਲੀਨਿਕ, ਡੀ-ਅਡੀਕਸ਼ਨ, ਰੀਹੈਬਾਇਲੇਸ਼ਨ ਸੈਂਟਰਾਂ ਦੇ 5 ਸਾਲ ਤੋਂ ਘੱਟ ਵਾਲੇ ਮੁਲਾਜ਼ਮ, ਨੈਸ਼ਨਲ ਹੈਲਥ ਮਿਸ਼ਨ ਅਧੀਨ ਆਊਟਸੋਰਸ ਮੁਲਾਜ਼ਮ, ਸਟੇਟ ਹੈਲਥ ਏਜੰਸੀ ਅਰੋਗਿਆ ਮਿੱਤਰਾ, ਪੀ.ਐੱਸ.ਏ ਅਪ੍ਰੇਟਰ, ਜਿੰਨ੍ਹਾਂ ਦੇ ਪੰਜ ਸਾਲ ਦਾ ਕਾਰਜਕਾਲ ਪੂਰਾ ਨਹੀਂ ਹੋਇਆਂ ਉਹਨ੍ਹਾਂ ਲਈ ਕੋਈ ਨੀਤੀ ਪਾਲਿਸੀ ਨਹੀਂ ਬਣਾਈ ਗਈ ਅਤੇ ਆਊਟਸੋਰਸ ਕੱਚੇ ਕਾਮਿਆਂ ਦੀਆਂ ਤਨਖ਼ਾਹਾਂ ਵਿੱਚ ਵਾਧੇ ਸਬੰਧੀ ਵੀ ਕੋਈ ਨੀਤੀ ਪਾਲਿਸੀ ਨਹੀਂ ਬਣਾਈ ਗਈ ਅਤੇ ਜੋ ਆਮ ਆਦਮੀ ਦੀ ਸਰਕਾਰ ਰੁਜ਼ਗਾਰ ਪੱਕਾ ਕਰਨ ਦੀ ਗੱਲ ਕਰਦੀ ਹੈ ਉਹੀ ਸਰਕਾਰ ਦੇ ਰਾਜ ਵਿੱਚ ਸਿਹਤ ਮਹਿਕਮੇ ਦੇ ਸਿਵਲ ਹਸਪਤਾਲ ਤਰਨਤਾਰਨ ਸਾਹਿਬ ਅਤੇ ਸਿਵਲ ਹਸਪਤਾਲ ਪੱਟੀ ਵਿਖੇ ਕੱਚੇ ਕਾਮਿਆਂ ਨੂੰ ਨੌਕਰੀ ਤੋਂ ਪ੍ਰਵਾਨਗੀਆਂ ਨਾ ਹੋਣ ਦਾ ਹਵਾਲਾ ਦੇ ਕੇ ਨੌਕਰੀ ਤੋਂ ਕੱਢ ਰਹੀ ਹੈ। ਜਿਸ ਕਰਕੇ ਪੰਜਾਬ ਦੇ ਸਿਹਤ ਵਿਭਾਗ ਦੇ ਸਮੂਹ ਆਊਟਸੋਰਸ (ਕੱਚੇ ਕਾਮਿਆਂ) ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਅੱਜ ਦੀ ਮੀਟਿੰਗ ਵਿੱਚ ਇਹਨਾਂ ਸਾਰੇ ਮਸਲਿਆਂ ਦੇ ਹੱਲ ਲਈ ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਪੰਜਾਬ ਜਥੇਬੰਦੀ ਦੀ ਸੂਬਾ ਕਮੇਟੀ ਅਹੁੱਦੇਦਾਰਾਂ ਵੱਲੋਂ ਮਿਤੀ 01 ਦਸੰਬਰ 2026 ਨੂੰ ਪਟਿਆਲਾ ਵਿਖੇ ਸਿਹਤ ਮੰਤਰੀ ਦੀ ਕੋਠੀ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜਿਸ ਵਿੱਚ ਸਿਹਤ ਵਿਭਾਗ ਦੇ ਵੱਖ-ਵੱਖ ਜਿਲ੍ਹਿਆਂ ਦੇ ਸਮੂਹ ਕੱਚੇ ਕਾਮੇ ਭਰਵੀਂ ਗਿਣਤੀ ਵਿੱਚ ਸਿਹਤ ਮੰਤਰੀ ਦੀ ਕੋਠੀ ਅੱਗੇ ਪਹੁੰਚਣਗੇ। ਇਸ ਮੌਕੇ ਸੂਬਾ ਪ੍ਰਧਾਨ ਗੁਰਜਿੰਦਰ ਸਿੰਘ ਔਲਖ, ਸੂਬਾ ਜਥੇਬੰਦਕ ਸਕੱਤਰ ਹਰਪਾਲ ਸਿੰਘ ਪਟਿਆਲਾ, ਸੂਬਾ ਆਰਗੇਨਾਇਜ਼ਰ ਜਤਿੰਦਰ ਸਿੰਘ, ਸੂਬਾ ਮੀਤ ਪ੍ਰਧਾਨ ਗੁਰਿੰਦਰ ਸਿੰਘ ਵਿੱਕੀ, ਸੂਬਾ ਦਫ਼ਤਰ ਸਕੱਤਰ ਜਗਮੀਤ ਸਿੰਘ, ਸੂਬਾ ਸਲਾਹਕਾਰ ਗੁਰਦੀਪ ਸਿੰਘ ਬਰਨਾਲਾ, ਸੂਬਾ ਪ੍ਰੈਸ ਸਕੱਤਰ ਯਾਦਵਿੰਦਰ ਸਿੰਘ ਠੀਕਰੀਵਾਲ, ਉਪਕਾਰ ਸਿੰਘ, ਸਰਬਜੀਤ ਸਿੰਘ ਪਟਿਆਲਾ, ਸੂਬਾ ਵਿੱਤ ਸਕੱਤਰ ਨਾਜਰ ਸਿੰਘ ਮਾਨਸਾ, ਵਰਿੰਦਰ ਸਿੰਘ ਜਿਲ੍ਹਾ ਪ੍ਰਧਾਨ ਤਰਨਤਾਰਨ ਸਾਹਿਬ, ਜਗਤਾਰ ਸਿੰਘ ਜਿਲ੍ਹਾ ਪ੍ਰਧਾਨ ਸੰਗਰੂਰ, ਨਵਦੀਪ ਕੌਰ ਜਿਲ੍ਹਾ ਪ੍ਰਧਾਨ ਮੋਗਾ ਆਦਿ ਸਾਥੀ ਹਾਜ਼ਰ ਰਹੇ।

**ਮਿਤੀ 01 ਦਸੰਬਰ ਨੂੰ ਪਟਿਆਲਾ ਵਿਖੇ ਸਿਹਤ ਮੰਤਰੀ ਪੰਜਾਬ ਦੀ ਕੋਠੀ ਅੱਗੇ ਕੱਚੇ ਕਾਮਿਆਂ ਵੱਲੋਂ ਦਿੱਤਾ ਜਾਵੇਗਾ ਪੱਕਾ ਮੋਰਚਾ**

### ਫਿਰੋਜ਼ਪੁਰ ਵਿੱਚ ਹਰ ਮੰਗਲਵਾਰ ਮਿਲਣਗੀਆਂ ਗੁਰਦਾ ਤੇ ਪਿਸ਼ਾਬ ਰੋਗ (ਯੂਰੋਲੋਜੀ) ਮਾਹਿਰ ਦੀਆਂ ਸੇਵਾਵਾਂ, ਅਮਨਦੀਪ ਹਸਪਤਾਲ ਨੇ ਸ਼ੁਰੂ ਕੀਤੀ ਵਿਸ਼ੇਸ਼ ਓ.ਪੀ.ਡੀ

### ਉਜਾਲਾ ਸਿਗਨਸ ਹਸਪਤਾਲ ਦੇ ਸਹਿਯੋਗ ਨਾਲ ਡਾ: ਜਸਕਰਨ ਕਰਨਗੇ ਮਰੀਜ਼ਾਂ ਦੀ ਜਾਂਚ, ਪੱਥਰੀ ਤੋਂ ਲੈ ਕੇ ਪ੍ਰੋਸਟੇਟ ਅਤੇ ਮਸਾਨੇ ਦੀ ਗੁੰਝਲਦਾਰ ਸਰਜਰੀ ਤੱਕ ਦੀ ਸਹੂਲਤ ਮਿਲੇਗੀ



ਫ਼ਿਰੋਜ਼ਪੁਰ, 17 ਨਵੰਬਰ (ਮਨੋਹਰ ਲਾਲ) :— ਗੁਰਦੇ ਅਤੇ ਪਿਸ਼ਾਬ ਨਾਲ ਸੰਬੰਧਿਤ ਬਿਮਾਰੀਆਂ ਨਾਲ ਜੂਝ ਰਹੇ ਫਿਰੋਜ਼ਪੁਰ ਅਤੇ ਆਸ—ਪਾਸ ਦੇ ਇਲਾਕੇ ਦੇ ਲੋਕਾਂ ਲਈ ਰਾਹਤ ਦੀ ਖ਼ਬਰ ਹੈ, ਹੁਣ ਉਨ੍ਹਾਂ ਨੂੰ ਇਨ੍ਹਾਂ ਬਿਮਾਰੀਆਂ ਦੇ ਮਾਹਿਰ ਇਲਾਜ ਲਈ ਦੂਜੇ ਸ਼ਹਿਰਾਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ। ਅਮਨਦੀਪ ਹਸਪਤਾਲ ਫਿਰੋਜ਼ਪੁਰ ਨੇ ਉਜਾਲਾ ਸਿਗਨਸ ਹਸਪਤਾਲ ਦੇ ਸਹਿਯੋਗ ਨਾਲ ਵਿਸ਼ੇਸ਼ ਪਿਸ਼ਾਬ ਰੋਗ ਇਲਾਜ ਸੇਵਾਵਾਂ ਦੀ ਸ਼ੁਰੂਆਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਹਸਪਤਾਲ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਤਹਿਤ ਮਾਹਿਰ ਡਾਕਟਰ ਡਾ: ਜਸਕਰਨ (ਐਮ.ਬੀ.ਬੀ.ਐਸ, ਐਮ.ਐਸ. ਜਨਰਲ ਸਰਜਰੀ, ਐਮ.ਸੀ.ਐਚ, ਕੰਸਲਟੈਂਟ ਯੂਰੋਲੋਜਿਸਟ) ਮਰੀਜ਼ਾਂ ਨੂੰ ਸਲਾਹ ਅਤੇ ਇਲਾਜ ਸੇਵਾਵਾਂ ਪ੍ਰਦਾਨ ਕਰਨਗੇ। ਉਨ੍ਹਾਂ ਕਿਹਾ ਕਿ ਇ

### ਅਮਰੀਕੀ ਅਦਾਲਤ ਵਿੱਚ ਗੁਰਪਤਵੰਤ ਸਿੰਘ ਪੰਨੂ ਦਾ

# 12 ਸਫ਼ਿਆਂ ਦਾ ਧਮਾਕੇਦਾਰ ਬਿਆਨ ਦਾਖਿਲ



**ਨਵੀਂ ਦਿੱਲੀ, 17 ਨਵੰਬਰ (ਮਨਪ੍ਰੀਤ ਸਿੰਘ ਖਾਲਸਾ)**-ਅਮਰੀਕਾ ਦੀ ਸੰਘੀ ਅਦਾਲਤ ਵਿੱਚ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਤੇ ਖਾਲਿਸਤਾਨ ਰੈਫਰੈਂਡਮ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਵੱਲੋਂ ਦਾਖ਼ਲ ਕੀਤੇ ਗਏ 12 ਸਫ਼ਿਆਂ ਦੇ ਵਿਸਥਾਰਤ ਬਿਆਨ ਨੇ ਭਾਰਤ ਸਰਕਾਰ ਦੀਆਂ ਕਥਿਤ ਸਰਹੱਦ ਪਾਰ ਕਾਰਵਾਈਆਂ, ਸਿੱਖ ਕਾਰਕੁਨਾਂ ਦੀ ਸੁਰੱਖਿਆ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਉੱਠ ਰਹੇ ਗੰਭੀਰ ਸਵਾਲਾਂ ਨੂੰ ਮੁੜ ਚਰਚਾ ਦੇ ਕੇਂਦਰ ਵਿੱਚ ਲਿਆ ਦਿੱਤਾ ਹੈ। 13 ਨਵੰਬਰ 2026 ਨੂੰ ਅਮਰੀਕੀ ਅਦਾਲਤ ਦੇ ਕੇਸ ਨੰਬਰ 1:23-ਸੀ ਆਰ-00289 ਵਿੱਚ ਦਾਖ਼ਲ ਇਸ ਬਿਆਨ ਵਿੱਚ ਪੰਨੂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਸਿਰਫ਼ ਇੱਕ ਵਿਅਕਤੀ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਨਹੀਂ ਸੀ, ਸਗੋਂ ਵਿਦੇਸ਼ੀ ਧਰਤੀ 'ਤੇ ਸਿੱਖਾਂ ਦੇ ਸਿਆਸੀ ਹੱਕਾਂ ਲਈ ਉੱਠ ਰਹੀ ਆਵਾਜ਼ ਨੂੰ ਦਬਾਉਣ ਦੀ ਵੱਡੀ ਕੋਸ਼ਿਸ਼ ਦਾ ਹਿੱਸਾ ਸੀ। ਪੰਨੂ ਨੇ ਆਪਣੇ ਬਿਆਨ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ, ਰਾਅ ਦੇ ਅਧਿਕਾਰੀਆਂ ਅਤੇ ਹੋਰ ਉੱਚ ਅਧਿਕਾਰੀਆਂ ਵਿਰੁੱਧ ਗੰਭੀਰ ਦੋਸ਼ ਲਗਾਉਂਦਿਆਂ ਨਿਖਿਲ ਗੁਪਤਾ ਅਤੇ ਵਿਕਾਸ ਯਾਦਵ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਅਮਰੀਕੀ ਧਰਤੀ 'ਤੇ ਉਨ੍ਹਾਂ ਦੀ ਹੱਤਿਆ ਦੀ ਸਾਜ਼ਿਸ਼ ਅਤੇ ਕੈਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦਾ ਕਤਲ ਇੱਕੋ ਖਾਲਿਸਤਾਨ ਰੈਫਰੈਂਡਮ ਮੁਹਿੰਮ ਨੂੰ ਰੋਕਣ ਦੀ ਰਣਨੀਤੀ ਨਾਲ ਜੁੜੇ ਹੋਏ ਸਨ। ਪੰਨੂ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਨਿਖਿਲ ਗੁਪਤਾ ਦੀ ਸਜ਼ਾ ਤੈਅ ਕਰਦੇ ਸਮੇਂ ਇਸ ਕਥਿਤ ਸਾਜ਼ਿਸ਼ ਦੇ ਵਿਆਪਕ ਪ੍ਰਭਾਵਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ। ਬਿਆਨ ਦਾ ਸਭ ਤੋਂ ਗੰਭੀਰ ਪਹਿਲੂ ਇਹ ਹੈ ਕਿ ਪੰਨੂ ਅਨੁਸਾਰ ਉਹ ਪਿਛਲੇ 1200 ਦਿਨਾਂ ਤੋਂ ਸੁਰੱਖਿਆ ਘੇਰੇ ਵਿੱਚ ਰਹਿਣ ਲਈ ਮਜਬੂਰ ਹਨ। ਉਨ੍ਹਾਂ ਦੀ ਆਮ ਜ਼ਿੰਦਗੀ, ਵਕਾਲਤ ਅਤੇ ਜਨਤਕ ਸਰਗਰਮੀਆਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ। ਉਹ ਕਹਿੰਦੇ ਹਨ ਕਿ ਹੁਣ ਕਿਸੇ ਸਮਾਗਮ ਵਿੱਚ ਜਾਣਾ, ਕਿਸੇ ਕਾਰਕੁਨ ਨਾਲ ਮਿਲਣਾ ਜਾਂ ਯਾਤਰਾ ਕਰਨਾ ਵੀ ਸੁਰੱਖਿਆ ਪ੍ਰਬੰਧਾਂ ਤੋਂ ਬਿਨਾਂ ਸੰਭਵ ਨਹੀਂ ਰਿਹਾ। ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਕਿ ਅਮਰੀਕਾ, ਕੈਨੇਡਾ ਅਤੇ ਬਰਤਾਨੀਆ ਵਿੱਚ ਖਾਲਿਸਤਾਨ ਰੈਫਰੈਂਡਮ ਨਾਲ ਜੁੜੇ ਹੋਰ ਕਾਰਕੁਨਾਂ ਨੂੰ ਵੀ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਪੰਨੂ ਨੇ ਆਪਣੇ ਬਿਆਨ ਵਿੱਚ 1984 ਦੇ ਸਿੱਖ ਇਤਿਹਾਸ ਨੂੰ ਵੀ ਅਦਾਲਤ ਸਾਹਮਣੇ ਰੱਖਿਆ ਹੈ। ਉਨ੍ਹਾਂ ਦੱਸਿਆ ਕਿ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਸਮੇਂ ਉਹ ਪੰਜਾਬ ਵਿੱਚ ਸਨ ਅਤੇ ਇਸ ਤੋਂ ਬਾਅਦ ਆਪ੍ਰੇਸ਼ਨ ਵੂੱਡਰੋਜ਼ ਦੌਰਾਨ ਉਨ੍ਹਾਂ ਦੇ ਇਲਾਕੇ ਵਿੱਚੋਂ ਕਈ ਸਿੱਖ ਨੌਜਵਾਨਾਂ ਨੂੰ ਫ਼ੌਜੀ ਟਰੱਕਾਂ ਵਿੱਚ ਲਿਜਾਇਆ ਗਿਆ। ਉਨ੍ਹਾਂ ਨੇ ਲਾਪਤਾ ਨੌਜਵਾਨਾਂ, ਤਸ਼ੱਦਦ ਅਤੇ ਪਰਿਵਾਰਾਂ ਨੂੰ ਨਾ ਮਿਲ ਸਕੀਆਂ ਲਾਸ਼ਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਤਜਰਬੇ ਉਨ੍ਹਾਂ ਦੀ ਜ਼ਿੰਦਗੀ ਅਤੇ ਇਨਸਾਫ਼ ਦੀ ਲੜਾਈ ਦਾ ਆਧਾਰ ਬਣੇ। ਉਨ੍ਹਾਂ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਲਈ ਵੀ ਜਵਾਬਦੇਹੀ ਦੀ ਮੰਗ ਕੀਤੀ। ਬਿਆਨ ਵਿੱਚ ਖਾਲਿਸਤਾਨ ਰੈਫਰੈਂਡਮ ਦੀ ਸ਼ੁਰੂਆਤ ਅਤੇ ਇਸ ਦੇ ਅੰਤਰਰਾਸ਼ਟਰੀ ਪਸਾਰ ਬਾਰੇ ਵੀ ਅਹਿਮ ਵੇਰਵੇ ਦਿੱਤੇ ਗਏ ਹਨ। ਪੰਨੂ ਅਨੁਸਾਰ ਜੂਨ 2014 ਵਿੱਚ ਨਿਊਯਾਰਕ ਵਿਖੇ ਸੰਯੁਕਤ ਰਾਸ਼ਟਰ ਦੇ ਮੁੱਖ ਦਫ਼ਤਰ ਦੇ ਸਾਹਮਣੇ ਇਸ ਮੁਹਿੰਮ ਦੀ ਸ਼ੁਰੂਆਤ ਹੋਈ ਸੀ ਅਤੇ ਅਗਸਤ 2018 ਵਿੱਚ ਲੰਡਨ ਤੋਂ ਇਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਅੱਗੇ ਵਧਾਇਆ ਗਿਆ। ਉਨ੍ਹਾਂ ਨੇ ਦਾਅਵਾ ਕੀਤਾ ਕਿ 31 ਅਕਤੂਬਰ 2021 ਨੂੰ ਲੰਡਨ ਵਿੱਚ ਵੋਟਿੰਗ ਸ਼ੁਰੂ ਹੋਈ ਅਤੇ ਸਤੰਬਰ 2022 ਵਿੱਚ ਬਰੈਂਪਟਨ ਵਿਖੇ 1,10,000 ਤੋਂ ਵੱਧ ਸਿੱਖਾਂ ਨੇ ਹਿੱਸਾ ਲਿਆ। ਪੰਨੂ ਨੇ ਇਹ ਵੀ ਦਾਅਵਾ ਕੀਤਾ ਕਿ ਇਸ ਮੁਹਿੰਮ ਰਾਹੀਂ ਦੁਨੀਆ ਭਰ ਵਿੱਚ 20 ਲੱਖ ਤੋਂ ਵੱਧ ਵੋਟਾਂ ਇਕੱਠੀਆਂ ਹੋ ਚੁੱਕੀਆਂ ਹਨ। ਭਾਰਤ ਸਰਕਾਰ ਦੀਆਂ ਕਥਿਤ ਕਾਰਵਾਈਆਂ ਬਾਰੇ ਪੰਨੂ ਨੇ ਹੋਰ ਵੀ ਗੰਭੀਰ ਦੋਸ਼ ਲਗਾਏ ਹਨ। ਉਨ੍ਹਾਂ ਅਨੁਸਾਰ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਲਈ ਵਿੱਤੀ ਇਨਾਮਾਂ, ਧਮਕੀਆਂ, ਸਾਈਬਰ ਹਮਲਿਆਂ, ਸੋਸ਼ਲ ਮੀਡੀਆ ਰਾਹੀਂ ਕਿਰਦਾਰਕੁਸ਼ੀ, ਕੂਟਨੀਤਕ ਅਹੁਦਿਆਂ ਦੀ ਕਥਿਤ ਦੁਰਵਰਤੋਂ ਅਤੇ ਨਿਗਰਾਨੀ ਪ੍ਰਣਾਲੀ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਇਸ ਨੂੰ ਸਰਹੱਦਾਂ ਤੋਂ ਪਾਰ ਫੈਲਿਆ ਦਮਨਕਾਰੀ ਤੰਤਰ ਕਰਾਰ ਦਿੰਦਿਆਂ ਕਿਹਾ ਕਿ ਇਸ ਦਾ ਮਕਸਦ ਸਿਰਫ਼ ਵਿਅਕਤੀਆਂ ਨੂੰ ਡਰਾਉਣਾ ਨਹੀਂ, ਸਗੋਂ ਪੂਰੇ ਸਿੱਖ ਭਾਈਚਾਰੇ ਵਿੱਚ ਭੈਅ ਪੈਦਾ ਕਰਨਾ ਹੈ। ਪੰਨੂ ਨੇ ਅਮਰੀਕੀ ਅਦਾਲਤ ਨੂੰ ਇਹ ਵੀ ਚਿਤਾਵਨੀ ਦਿੱਤੀ ਕਿ ਜੇਕਰ ਕਿਸੇ ਵਿਦੇਸ਼ੀ ਸਰਕਾਰ ਨੂੰ ਅਮਰੀਕੀ ਧਰਤੀ 'ਤੇ ਆਪਣੇ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਦੀ ਖੁੱਲ੍ਹ ਮਿਲਦੀ ਹੈ ਤਾਂ ਇਹ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ, ਪ੍ਰਭੂਸੱਤਾ ਅਤੇ ਲੋਕਤੰਤਰੀ ਆਜ਼ਾਦੀਆਂ ਨਾਲ ਜੁੜਿਆ ਗੰਭੀਰ ਮਾਮਲਾ ਬਣ ਜਾਂਦਾ ਹੈ।

**☛ ਮੋਦੀ ਸਰਕਾਰ ਉਪਰ ਵਿਦੇਸ਼ੀ ਧਰਤੀ 'ਤੇ ਸਿੱਖ ਆਗੂਆਂ ਦੀ ਆਵਾਜ਼ ਕੁਚਲਣ ਅਤੇ ਕਤਲ ਦੀਆਂ ਸਾਜ਼ਿਸ਼ਾਂ ਰਚਣ ਦੇ ਗੰਭੀਰ ਦੋਸ਼ ☛ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਲੈ ਕੇ ਨਿਊਯਾਰਕ ਵਿੱਚ ਆਪਣੀ ਹੱਤਿਆ ਦੀ ਸਾਜ਼ਿਸ਼ ਤੱਕ ਦੀਆਂ ਕੜੀਆਂ ਜੋੜੀਆਂ, 1200 ਦਿਨਾਂ ਤੋਂ ਸੁਰੱਖਿਆ ਘੇਰੇ ਵਿੱਚ ਜ਼ਿੰਦਗੀ ਬਿਤਾਉਣ ਦਾ ਕੀਤਾ ਖੁਲਾਸਾ**

ਆਵਾਜ਼ਿ ਕੌਮ AWAZE QAUM International Newspaper & WEB TV

ਆਪਣੇ ਬਿਆਨ ਦੇ ਅੰਤ ਵਿੱਚ ਪੰਨੂ ਨੇ ਸਪੱਸ਼ਟ ਕੀਤਾ ਕਿ ਇਹ ਮੁਕੱਦਮਾ ਸਿਰਫ਼ ਉਨ੍ਹਾਂ ਦੀ ਨਿੱਜੀ ਸੁਰੱਖਿਆ ਦਾ ਮਾਮਲਾ ਨਹੀਂ, ਸਗੋਂ 1984 ਦੇ ਪੀੜਤਾਂ, ਭਾਈ ਹਰਦੀਪ ਸਿੰਘ ਨਿੱਝਰ, ਪੰਜਾਬ ਵਿੱਚ ਮਾਰੇ ਗਏ ਸਿੱਖ ਨੌਜਵਾਨਾਂ ਅਤੇ ਸਿੱਖਾਂ ਦੇ ਸਵੈ-ਨਿਰਣੇ ਦੇ ਹੱਕ ਲਈ ਸੰਘਰਸ਼ ਕਰ ਰਹੇ ਕਾਰਕੁਨਾਂ ਨੂੰ ਇਨਸਾਫ਼ ਦਿਵਾਉਣ ਨਾਲ ਵੀ ਸਬੰਧਤ ਹੈ। ਉਨ੍ਹਾਂ ਨੇ ਅਦਾਲਤ ਤੋਂ ਨਿਖਿਲ ਗੁਪਤਾ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਗੋਲੀਆਂ ਅਤੇ ਧਮਕੀਆਂ ਰਾਹੀਂ ਲੋਕਾਂ ਦੀਆਂ ਰਾਜਨੀਤਕ ਇੱਛਾਵਾਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਗੁਰਪਤਵੰਤ ਸਿੰਘ ਪੰਨੂ ਵਲੋਂ ਅਦਾਲਤ ਅੰਦਰ ਦਾਖਿਲ ਕੀਤੇ ਇਸ ਬਿਆਨ ਨੇ ਇੱਕ ਵਾਰ ਫਿਰ ਇਹ ਸਵਾਲ ਖੜ੍ਹਾ ਕੀਤਾ ਹੈ ਕਿ ਕੀ ਵਿਦੇਸ਼ੀ ਧਰਤੀ 'ਤੇ ਰਹਿ ਰਹੇ ਸਿੱਖ ਕਾਰਕੁਨਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਲੋਕਤੰਤਰੀ ਹੱਕਾਂ ਦਾ ਮਾਮਲਾ ਹੁਣ ਸਿਰਫ਼ ਭਾਰਤ ਅਤੇ ਸਿੱਖਾਂ ਵਿਚਕਾਰ ਰਾਜਨੀਤਕ ਟਕਰਾਅ ਤੱਕ ਸੀਮਤ ਨਹੀਂ ਰਿਹਾ, ਸਗੋਂ ਅੰਤਰਰਾਸ਼ਟਰੀ ਕਾਨੂੰਨ, ਮਨੁੱਖੀ ਅਧਿਕਾਰਾਂ ਅਤੇ ਰਾਜਾਂ ਦੀ ਜਵਾਬਦੇਹੀ ਨਾਲ ਵੀ ਜੁੜ ਗਿਆ ਹੈ।

# ਅੱਪਰ ਬਾਰੀ ਦੁਆਬ ਨਹਿਰ : ਇਤਿਹਾਸ, ਵਿਰਾਸਤ ਅਤੇ ਮਾਝੇ ਦੀ ਜੀਵਨ-ਰੇਖਾ:- ਇੰਜ ਮਨਜੀਤ ਸਿੰਘ ਸੈਣੀ

ਚੌਕ ਮਹਿਤਾ,17 ਨਵੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )ਅੱਪਰ ਬਾਰੀ ਦੁਆਬ ਨਹਿਰ ਕੇਵਲ ਇੱਕ ਸਿੰਚਾਈ ਪ੍ਰੋਜੈਕਟ ਨਹੀਂ, ਸਗੋਂ ਮਾਝੇ ਦੇ ਇਤਿਹਾਸ ਅਤੇ ਵਿਕਾਸ ਦਾ ਇੱਕ ਅਹਿਮ ਹਿੱਸਾ ਹੈ। ਇਸਦੀ ਸ਼ੁਰੂਆਤ ਆਧੁਨਿਕ ਇੰਜੀਨੀਅਰਿੰਗ ਤੋਂ ਨਹੀਂ, ਸਗੋਂ ਸਾਡੇ ਸਥਾਨਕ ਕਿਸਾਨਾਂ ਦੀ ਸੂਝ-ਬੂਝ ਤੋਂ ਹੋਈ ਸੀ।



**1693 ਤੋਂ ਪਹਿਲਾਂ: ਸਥਾਨਕ ਕਿਸਾਨਾਂ ਦੀ ਦੇਸੀ ਤਕਨੀਕ** : ਪੱਕੀਆਂ ਨਹਿਰਾਂ ਅਤੇ ਡੈਮਾਂ ਦੇ ਬਣਨ ਤੋਂ ਬਹੁਤ ਪਹਿਲਾਂ, ਮਾਧੋਪੁਰ ਦੇ ਆਸ-ਪਾਸ 'ਚੱਕ ਅੰਦਰ' (ਨਰੋਟ) ਇਲਾਕੇ ਦੇ ਕਿਸਾਨ ਰਾਵੀ ਦਰਿਆ ਦੇ ਪਾਣੀ ਦੀ ਖੇਤੀਬਾੜੀ ਲਈ ਵਰਤੋਂ ਕਰਦੇ ਸਨ। ਦਰਿਆ ਦਾ ਤਲ ਚੌੜਾ ਅਤੇ ਪਥਰੀਲਾ ਹੋਣ ਕਾਰਨ, ਕਿਸਾਨ ਦਰਿਆ ਵਿੱਚ ਵੱਡੇ ਪੱਥਰਾਂ ਅਤੇ ਦਰੱਖਤਾਂ ਦੀਆਂ ਛਾਪਾਂ (ਟਾਹਣੀਆਂ) ਨਾਲ ਕੱਚੀਆਂ ਠੋਕਰਾਂ ਲਗਾ ਕੇ ਪਾਣੀ ਦਾ ਰੁਖ ਮੋੜਦੇ ਸਨ। ਇਸ ਪਾਣੀ ਨੂੰ ਛੋਟੀਆਂ ਕੂਲਾਂ ਰਾਹੀਂ ਖੇਤਾਂ ਤੱਕ ਲਿਜਾ ਕੇ ਕਪਾਹ ਅਤੇ ਕਮਾਦ (ਗੰਨਾ) ਵਰਗੀਆਂ ਫਸਲਾਂ ਦੀ ਸ਼ਾਨਦਾਰ ਖੇਤੀ ਕੀਤੀ ਜਾਂਦੀ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

**ਮੁਗਲ ਕਾਲ ਅਤੇ 'ਹੰਸਲੀ ਨਹਿਰ'**:ਸਥਾਨਕ ਕਿਸਾਨਾਂ ਦੀ ਪੱਥਰਾਂ ਨਾਲ ਪਾਣੀ ਮੋੜਨ ਦੀ ਇਸੇ ਦੇਸੀ ਤਕਨੀਕ ਤੋਂ ਪ੍ਰੇਰਿਤ ਹੋ ਕੇ, 1693 ਵਿੱਚ ਮੁਗਲ ਬਾਦਸ਼ਾਹ ਸ਼ਾਹਜਹਾਂ ਦੇ ਸਮੇਂ ਅਲੀ ਮਰਦਾਨ ਖਾਨ ਦੁਆਰਾ 'ਹੰਸਲੀ ਨਹਿਰ' ਦੀ ਸ਼ੁਰੂਆਤ ਕੀਤੀ ਗਈ, ਤਾਂ ਜੋ ਰਾਵੀ ਦਾ ਪਾਣੀ ਲਾਹੌਰ ਦੇ ਸ਼ਾਲੀਮਾਰ ਬਾਗਾਂ ਤੱਕ ਪਹੁੰਚਾਇਆ ਜਾ ਸਕੇ।

**ਆਸਥਾ ਅਤੇ ਜਲ ਸੇਵਾ** :1820ਵਿਆਂ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਇਹਨਾਂ ਕੱਚੀਆਂ ਕੂਲਾਂ ਅਤੇ ਨਹਿਰ ਦੀ ਮੁਰੰਮਤ ਕਰਵਾਈ। ਉਹਨਾਂ ਨੇ ਇਸਦੀ ਇੱਕ ਸ਼ਾਖਾ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਪਵਿੱਤਰ ਸਰੋਵਰਾਂ ਤੱਕ ਨਿਰੰਤਰ ਜਲ ਸਪਲਾਈ ਲਈ ਜੋੜਿਆ। ਬਾਅਦ ਵਿੱਚ 1920ਵਿਆਂ ਦੌਰਾਨ ਜਦੋਂ ਸ਼੍ਰੀ ਦੁਰਗਿਆਨਾ ਮੰਦਿਰ ਦੀ ਸਥਾਪਨਾ ਹੋਈ, ਤਾਂ ਇਸਦੇ ਨਵੇਂ ਬਣੇ ਸਰੋਵਰ ਨੂੰ ਵੀ ਮੁਕੰਮਲ ਹੋ ਚੁੱਕੇ ਆਧੁਨਿਕ ਅੱਪਰ ਬਾਰੀ ਦੁਆਬ ਨਹਿਰ ਢਾਂਚੇ ਰਾਹੀਂ ਹੀ ਪਾਣੀ ਮੁਹੱਈਆ ਕਰਵਾਇਆ ਗਿਆ।

**ਬ੍ਰਿਟਿਸ਼ ਇੰਜੀਨੀਅਰਿੰਗ ਅਤੇ ਖਾਲਸਾ ਫੌਜ ਦਾ ਮੁੜ-ਢਸੇਬਾ** : 1849 ਵਿੱਚ ਪੰਜਾਬ ਉੱਤੇ ਬ੍ਰਿਟਿਸ਼ ਕਬਜ਼ੇ ਤੋਂ ਬਾਅਦ ਸਿੱਖ ਰਾਜ ਦੀ ਵਿਸ਼ਾਲ 'ਖਾਲਸਾ ਫੌਜ' ਨੂੰ ਤੋੜ ਦਿੱਤਾ ਗਿਆ। ਹਜ਼ਾਰਾਂ ਬੇਰੁਜ਼ਗਾਰ ਸਿੱਖ ਫੌਜੀਆਂ ਨੂੰ ਬਗਾਵਤ ਤੋਂ ਰੋਕਣ ਅਤੇ ਸਨਮਾਨਜਨਕ ਰੁਜ਼ਗਾਰ ਦੇਣ ਲਈ, ਅੰਗਰੇਜ਼ਾਂ ਨੇ ਨਹਿਰੀ ਢਾਂਚੇ ਦਾ ਵਿਸਥਾਰ ਕੀਤਾ। ਭਾਵੇਂ ਇਸ ਨਹਿਰ ਦੀ ਸ਼ੁਰੂਆਤ ਦੇਸੀ ਤਕਨੀਕ, ਮੁਗਲ ਅਤੇ ਸਿੱਖ ਰਾਜ ਸਮੇਂ ਹੋਈ ਸੀ, ਪਰ ਇਸ ਦਾ ਅਜੋਕਾ ਵਿਗਿਆਨਕ ਢਾਂਚਾ ਬ੍ਰਿਟਿਸ਼ ਰਾਜ ਦੀ ਯੋਜਨਾਬੰਦੀ ਹੈ। ਅੰਗਰੇਜ਼ਾਂ ਨੇ ਪੁਰਾਣੀਆਂ ਕੱਚੀਆਂ ਠੋਕਰਾਂ ਵਾਲੀ ਥਾਂ 'ਤੇ ਮਾਧੋਪੁਰ ਵਿਖੇ ਇੱਕ ਪੱਕਾ ਹੈੱਡਵਰਕਸ ਬਣਾਇਆ। ਅੱਜ ਦਾ ਚੱਲ ਰਿਹਾ ਅਪਰ ਬਾਰੀ ਦੁਆਬ ਨਹਿਰ ਸਿਸਟਮ—ਜਿਸ ਵਿੱਚ ਪੱਕੇ ਹੈੱਡਵਰਕਸ, ਮੁੱਖ ਬ੍ਰਾਂਚਾਂ, ਡਿਸਟ੍ਰੀਬਿਊਟਰੀਆਂ ਅਤੇ ਮਾਈਨਰ ਸ਼ਾਮਲ ਹਨ—ਅੰਗਰੇਜ਼ ਇੰਜੀਨੀਅਰਾਂ ਵੱਲੋਂ ਸਹੀ ਡਿਜ਼ਾਈਨ ਅਤੇ ਢਲਾਨ ਨਾਲ ਤਿਆਰ ਕੀਤਾ ਗਿਆ ਸੀ।

**ਬੰਜਰ ਜ਼ਮੀਨਾਂ ਤੋਂ ਹਰੇ-ਭਰੇ ਖੇਤ** : ਇਸ ਬਿਹਤਰੀਨ ਢਾਂਚੇ ਨੇ ਰਾਵੀ ਅਤੇ ਬਿਆਸ ਵਿਚਕਾਰਲੇ ਉੱਚੇ, ਬੰਜਰ ਅਤੇ ਜੰਗਲੀ ਇਲਾਕਿਆਂ ਨੂੰ ਉਪਜਾਊ ਜ਼ਮੀਨਾਂ ਵਿੱਚ ਬਦਲ ਦਿੱਤਾ। ਨਹਿਰ ਆਉਣ ਕਾਰਨ ਆਬਾਦ ਹੋਈਆਂ ਨਵੀਆਂ ਜ਼ਮੀਨਾਂ ਸਾਬਕਾ ਸਿੱਖ ਸੈਨਿਕਾਂ ਨੂੰ ਅਲਾਟ ਕੀਤੀਆਂ ਗਈਆਂ, ਜਿਸ ਨਾਲ ਉਹ ਸਫਲ ਕਿਸਾਨ ਬਣੇ ਅਤੇ ਮਾਝੇ ਦਾ ਖੇਤੀਬਾੜੀ ਅਰਥਚਾਰਾ ਖੁਸ਼ਹਾਲ ਹੋਇਆ।

**ਅਜੋਕਾ ਜਲ ਸੰਕਟ ਅਤੇ ਅਪਰ ਬਾਰੀ ਦੁਆਬ ਨਹਿਰ ਦਾ ਨਵਾਂ ਰੋਲ** : ਦਿਨ-ਬ-ਦਿਨ ਟਿਊਬਵੈੱਲਾਂ ਰਾਹੀਂ ਪਾਣੀ ਦੀ ਬੇਤਹਾਸ਼ਾ ਨਿਕਾਸੀ ਅਤੇ ਹੋਰ ਕਾਰਨਾਂ ਕਰਕੇ ਜ਼ਮੀਨੀ ਪਾਣੀ ਦਾ ਪੱਧਰ ਬਹੁਤ ਨੀਵਾਂ ਜਾ ਰਿਹਾ ਹੈ। ਸ਼ਹਿਰੀ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਵਾਲੇ ਟਿਊਬਵੈੱਲਾਂ ਦੇ 'ਬਲੈਕ ਜ਼ੋਨ' ਵਿੱਚ ਜਾਣ ਕਾਰਨ ਇੱਕ ਗੰਭੀਰ ਖ਼ਤਰਾ ਬਣ ਗਿਆ ਹੈ। ਇਸ ਕੁਦਰਤੀ ਸੰਕਟ ਨਾਲ ਨਜਿੱਠਣ ਲਈ ਅੰਮ੍ਰਿਤਸਰ ਸ਼ਹਿਰ ਲਈ ਨਹਿਰੀ ਪਾਣੀ 'ਤੇ ਆਧਾਰਿਤ ਇੱਕ ਬਹੁਤ ਵੱਡਾ ਸਰਫੇਸ ਵਾਟਰ ਪ੍ਰੋਜੈਕਟ ਮੁਕੰਮਲ ਹੋਣ ਕਿਨਾਰੇ ਹੈ। ਆਉਣ ਵਾਲੇ ਸਮੇਂ ਵਿੱਚ ਇਸ ਨਹਿਰ ਦਾ ਪਾਣੀ ਖੇਤੀਬਾੜੀ ਦੇ ਨਾਲ-ਨਾਲ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਲਈ ਪੀਣ ਵਾਲੇ ਸ਼ੁੱਧ ਪਾਣੀ ਦਾ ਵੀ ਮੁੱਖ ਸਹਾਰਾ ਬਣੇਗਾ।

### ਸਲਾਨਾ ਗੁਰਮਤਿ ਸਮਾਗਮ ਅਤੇ ਧਾਰਮਿਕ ਵਿਦਿਅਕ ਮੁਕਾਬਲਿਆਂ ਵਿੱਚ

# ਸ਼ਹੀਦ ਬਾਬਾ ਦੀਪ ਸਿੰਘ ਜੀ ਪਬਲਿਕ ਸਕੂਲ ਮਹਿਸਮਪੁਰ ਖੁਰਦ ਨੇ ਮਾਰੀਆਂ ਮੱਲਾਂ




**ਚੌਕ ਮਹਿਤਾ, 17 ਨਵੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ, ਮੁਖੀ ਦਮਦਮੀ ਟਕਸਾਲ ਦੀ ਸਰਪ੍ਰਸਤੀ ਹੇਠ ਚੱਲ ਰਹੇ ਵਿਦਿਅਕ ਅਦਾਰਿਆਂ ਵਿੱਚੋਂ ਨਵੇਂ ਵਿਦਿਅਕ ਅਦਾਰੇ ਸ਼ਹੀਦ ਬਾਬਾ ਦੀਪ ਸਿੰਘ ਜੀ ਪਬਲਿਕ ਸਕੂਲ, ਮਹਿਸਮਪੁਰ ਖੁਰਦ ਦੇ ਵਿਦਿਆਰਥੀਆਂ ਨੇ ਪਿੰਡ ਵਡਾਲਾ ਗ੍ਰੰਥੀਆਂ, ਜ਼ਿਲ੍ਹਾ ਗੁਰਦਾਸਪੁਰ ਵਿਖੇ 13 ਅਤੇ 14 ਨਵੰਬਰ ਨੂੰ ਕਰਵ

# ਗੁਰਮੁਖ ਆਤਮਾ ਸਤਿਕਾਰਯੋਗ ਬਾਬਾ ਜੁਗਿੰਦਰ ਸਿੰਘ ਜੀ



ਜਿਹੜੇ ਪੰਥ ਦੀ ਸੇਵਾ ਲਈ ਕੌਮ ਦੀ ਮਾਇਆ ਨਾਲ ਖਰੀਦੀ ਕਾਰ ਪਰਵਾਰ ਦੇ ਕਿਸੇ ਮੈਂਬਰ ਨੂੰ ਨਿੱਜੀ ਲੋੜ ਲਈ ਵਰਤਣ ਵਾਸਤੇ ਨਹੀਂ ਦਿੰਦੇ ਸਨ । ਸੰਨ ਉਣਾਨਵੇਂ ਦੀਆਂ ਪਾਰਲੀਮਾਨੀ ਚੋਣਾਂ ਵਿੱਚ ਪ੍ਰਾਪਤ ਕੀਤੀ ਵੱਡੀ ਜਿੱਤ ਵਜੋਂ ਸ੍ ਸਿਮਰਨਜੀਤ ਸਿੰਘ ' ਮਾਨ ' ਦੇ ਜੇਲ੍ਹ ਚੋਂ ਬਾਹਰ ਆਉਣ ਉਪਰੰਤ ਦੀਵਾਨ ਹਾਲ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਕਾਲੀ ਦਲ ਦੀ ਵਾਗਡੋਰ ਸੌਂਪਣ ਮੌਕੇ ਕਾਰ ਦੀਆਂ ਚਾਬੀਆਂ ਵੀ ਸ੍ ਮਾਨ ਨੂੰ ਸੌਂਪ ਦਿੱਤੀਆਂ ਸਨ ।ਉਹ ਬਾਬਾ ਜੀ ,ਜਿੰਨਾਂ ਦੇ ਚੋਲੇ ਹੇਠ ਪਾਈ ਝੱਗੀ ਦੀਆਂ ਦੋ ਜੇਬਾਂ ਅੰਦਰ ਨਿੱਜੀ ਅਤੇ ਕੌਮੀ ਮਾਇਆ ਵੱਖਰੀ ਵੱਖਰੀ ਰੱਖੀ ਹੁੰਦੀ ਸੀ । ਪਰਵਾਰਿਕ ਮਾਮਲਿਆਂ ਵਿੱਚ ਉਹ ਨਿੱਜੀ ਮਾਇਆ ਹੀ ਵਰਤਦੇ ਸਨ । ਸੰਨ ਪਚਾਸੀ ਵਿੱਚ ਅਕਾਲੀ ਦਲ ( ਸੰਯੁਕਤ) ਦੇ ਕਾਰਜਕਾਰੀ ਪ੍ਰਧਾਨ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਬਾਬਾ ਜੀ ਵੱਲੋਂ ਪੰਜਾਬ ਵਿੱਚ ਚਲਾਈ ਅੰਮ੍ਰਿਤ ਸੰਚਾਰ ਦੀ ਮੁਹਿੰਮ ਵਿੱਚ ਰੋਜ਼ਾਨਾ ਪੰਜ ਪਿਆਰੇ ਸਿੰਘਾਂ ਦੇ ਤਿੰਨ ਜਾਂ ਚਾਰ ਜਥੇ ਅੰਮ੍ਰਿਤ ਸੰਚਾਰ ਕਰਨ ਲਈ ਪੰਜਾਬ ਦੇ ਪਿੰਡਾਂ ਵਿੱਚ ਜਾਂਦੇ ਸਨ , ਜਿਸ ਦੌਰਾਨ ਹਜਾਰਾਂ ਪ੍ਰਾਣੀ ਗੁਰੂ ਵਾਲੇ ਬਣਦੇ ਸਨ । ਇਸ ਮੁਹਿੰਮ ਤੋਂ ਘਬਰਾਈ ਹਕੂਮਤ ਨੇ ਬਾਬਾ ਜੀ ਨੂੰ ਸੰਨ ਅਠਾਸੀ ਵਿੱਚ ਘਰ ਵਿੱਚ ਨਜ਼ਰਬੰਦ ਕਰਕੇ ਬੀ ਐਸ ਐਫ ਦਾ ਪੱਕਾ ਪਹਿਰਾ ਲਾ ਦਿੱਤਾ । ਪਰਵਾਰ ਦੇ ਮਰਦ ਮੈਂਬਰਾਂ ਚੋਂ ਬਹੁਤਿਆਂ ਨੂੰ ਜੇਲ੍ਹੀਂ ਡੱਕ ਦਿੱਤਾ ਅਤੇ ਬਚ ਗਏ ਮੈਂਬਰ ਰੂਪੋਸ਼ ਹੋਣ ਲਈ ਮਜਬੂਰ ਕਰ ਦਿੱਤੇ । ਪੈਂਤੀ ਚਾਲੀ ਜੀਆਂ ਵਾਲੇ ਪੰਜ ਟੱਬਰਾਂ ਵਿੱਚੋਂ ਬਾਬਾ ਜੀ ਤੋਂ ਇਲਾਵਾ ਸਿਰਫ ਤਿੰਨ ਮਾਈਆਂ ਅਤੇ ਕੁੱਝ ਨਾਬਾਲਿਗ ਬੱਚੇ ਹੀ ਘਰ ਸਨ , ਜਿਹੜੇ ਗਰਮੀ ਰੁੱਤੇ ਵਿਚਕਾਰਲੇ ਘਰ ਦੀ ਛੱਤ ਤੇ ਇਕੱਠੇ ਹੋ ਕੇ ਸੌਂਦੇ ਸਨ । ਤਕਰੀਬਨ ਸਤਾਸੀ ਅਠਾਸੀ ਸਾਲ ਦੀ ਉਮਰ ਨੂੰ ਢੁੱਕੇ ਬਾਬਾ ਜੀ ਤਿੰਨ ਫੁੱਟੀ ਕ੍ਰਿਪਾਨ ਮੰਜੇ ਤੇ ਹਮੇਸ਼ਾਂ ਕੋਲ ਰੱਖਦੇ ਸਨ । ਗਰਮੀ ਦੀ ਇੱਕ ਰਾਤ ਸੰਤ ਜੀ ਤੋਂ ਦੋ ਥਾਂ ਵੱਡੇ ਭਰਾ ਮਾਸਟਰ ਜੁਗਰਾਜ ਸਿੰਘ ਦੇ ਸੁੰਨੇ ਪਏ ਘਰ ਦੀਆਂ ਪੌੜੀਆਂ ਚੜ੍ਹਕੇ ਬੀ ਐਸ ਐਫ ਵਾਲੇ ਜਦ ਸੁੱਤੇ ਪਏ ਜੀਆਂ ਵਾਲੇ ਕੋਠੇ ਤੇ ਪਹੁੰਚ ਗਏ ਤਾਂ ਸੁਚੇਤ ਬਾਬਾ ਜੀ ਵੱਲੋਂ ਲਲਕਰਾਨ ਤੇ ਨੱਠ ਗਏ ਸਨ । ਸਰਕਾਰੀ ਜਬਰ ਦੀ ਇੰਤਹਾ ਕਿ ਕਿਸੇ ਵੀ ਰਿਸ਼ਤੇਦਾਰ ਜਾਂ ਪਿੰਡ ਦੇ ਕਿਸੇ ਜੀਅ ਨੂੰ ਬਾਬਾ ਜੀ ਕੇ ਕਿਸੇ ਵੀ ਘਰ ਜਾਣ ਦੀ ਬਾਘਾਪੁਰਾਣਾ ਪੁਲਿਸ ਦੇ ਬੁੱਚੜ ਥਾਣੇਦਾਰ ਮਿੱਤੂ ਨੇ ਮਨਾਹੀ ਕੀਤੀ ਹੋਈ ਸੀ । ਪਿੰਡ ਦੇ ਦੋ ਮੈਂਬਰ ਇਸ ਕਾਰਨ ਉਸਦੇ ਜਬਰ ਦਾ ਸ਼ਿਕਾਰ ਹੋਏ ਅਤੇ ਮੇਰਾ ਚੰਗੀ ਕਿਸਮਤ ਨੂੰ ਉਸਦੇ ਹੱਥ ਨਾ ਆਉਣ ਕਾਰਨ ਬਚਾਅ ਹੋ ਗਿਆ । ਮੇਰਾ ਦੋਸ਼ ਇਹ ਸੀ ਕਿ ਬਾਬਾ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਗੁਰਦੁਆਰਾ ਸਾਹਿਬ ਵਿਖੇ ਕੋਈ ਗ੍ਰੰਥੀ ਸਿੰਘ ਨਾ ਹੋਣ ਕਾਰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਸੁੱਖ ਆਸਣ ਦੀ ਸੇਵਾ ਕਰਨ ਵੇਲੇ ਗੁਰੂ ਘਰ ਨਮਸਕਾਰ ਕਰਨ ਆਏ ਬਾਬਾ ਜੀ ਨਾਲ ਹੁੰਦੇ ਬਚਨ ਬਿਲਾਸ ਦੀ ਮੁਖਬਰੀ ਇਹ ਕਹਿਕੇ ਕੀਤੀ ਗਈ ਕਿ ਇਹ ਪਰਵਾਰ ਦੇ ' ਰੂਪੋਸ਼ ' ਜੀਆਂ ਜਾਂ ' ਹੋਰਾਂ ' ਅਤੇ ਬਾਬਾ ਜੀ ਵਿਚਕਾਰ ਸੁਨੇਹਿਆਂ ਦਾ ਆਦਾਨ ਪ੍ਰਦਾਨ ਕਰਨ ਦਾ ' ਗੁਨਾਹ ' ਕਰਦਾ ਹੈ । ਬਾਬਾ ਪਰਵਾਰ ਦੀ ਜ਼ਮੀਨ ਮਾਮਲੇ ਤੇ ਲੈ ਕੇ ਵਾਹੁਣ ਵਾਲੇ ਸ੍ ਦਰਬਾਰਾ ਸਿੰਘ ਵੱਲੋਂ ਬੀਜੇ ਝੋਨੇ ਨੂੰ ਉਜਾੜਣ ਦਾ ਫੁਰਮਾਨ ਵੀ ਬੁੱਚੜ ਠਾਣੇਦਾਰ ਮਿੱਤੂ ਨੇ ਦੇ ਦਿੱਤਾ ਸੀ । ਜਿਹੜਾ ਪੰਚਾਇਤ ਵੱਲੋਂ ਤਰਲਾ ਕਰਨ ਤੇ ਕਣਕ ਨਾ ਬੀਜਣ ਦੀ ਸ਼ਰਤ ਤੇ ਝੋਨਾ ਉਜਾੜਣ ਤੋਂ ਟਲਿਆ ਸੀ । ਬਾਬਾ ਜੀ ਵੱਲੋਂ ਪੰਥਕ ਕਾਰਜਾਂ ਲਈ ਵਰਤੀਆਂ ਜਾਂਦੀਆਂ ਕਾਰਾਂ ਜਬਤ ਕਰਨ ਆਇਆ ਹੰਕਾਰਿਆ ਠਾਣੇਦਾਰ ਮਿੱਤੂ ਉਹ ਪਹਿਲਾ ਪੁਲਸੀਆ ਸੀ , ਜਿਸਨੇ ਬਾਬਾ ਜੀ ਨਾਲ ਓਦਣ ਬਦਕਲਾਮੀ ਵੀ ਕੀਤੀ ਸੀ । ਦੱਸਦੇ ਐ ਕਿ ' ਧੱਲੇ ਕਿਆਂ ਵਾਲਾ ਲੱਖਾ ' ਇਹ ਪਤਾ ਲੱਗਣ ਤੇ ਜਥੇਦਾਰ ਗੁਰਜੰਟ ਸਿੰਘ ਕੋਲ ਜਜ਼ਬਾਤੀ ਹੋਇਆ ਅਤੇ ਰੋਹ ਵਿੱਚ ਆਇਆ ਰੋ ਪਿਆ ਸੀ ਕਿ , ਜਾਂ ਤਾਂ ਇਸ ਬੁੱਚੜ ਦਾ ਬਿਨਾਂ ਦੇਰੀ ਜਲਦੀ ਕੁਛ ਕਰੋ , ਨਹੀਂ ਮੈਂ , " ਕੱਲਾ ਹੀ ਠਾਣੇ ਵੜ ਜਾਵਾਂਗਾ ।" ਅੱਤਿਆਚਾਰੀ ਠਾਣੇਦਾਰ ਮਿੱਤੂ ਨੂੰ ਸਮਾਲਸਰ ਵਿਖੇ ਜਨਤਕ ਇਕੱਠ ਵਿੱਚ ਸ਼ਾਬਾਸ਼ੀ ਥਾਪੜਾ ਦੇਣ ਬਾਅਦ ਬਾਬਾ ਜੀ ਦਾ ਆਤਮ ਵਿਸ਼ਵਾਸ਼, ਸਿਦਕ ,ਦ੍ਰਿੜਤਾ ਅਤੇ ਅਡੋਲਤਾ ਪਰਖਣ ਆਇਆ ਰਿਬੇਰੋ ਬਾਬਾ ਜੀ ਦੇ ਇੱਕ ਪੋਤਰੇ ਨੂੰ ਪੁੱਛਦੈ , ਕਿ ਤੂੰ ਪੁਲਿਸ ਵਿੱਚ ਭਰਤੀ ਹੋਣਾ ਪਸੰਦ ਕਰੇਂਗਾ । ਉਸ ਵੱਲੋਂ ' ਨਾਂਹ ' ਦਾ ਕਰਾਰਾ ਜੁਆਬ ਸੁਣ ਉਹ ਦੰਗ ਰਹਿ ਗਿਆ ਸੀ । ਤੇ ਰਿਬੇਰੋ ਦੀ ਥਾਪੀ ਤੋਂ ਤੀਜੇ ਦਿਨ ਹੀ ' ਲੱਖੇ ਹੋਰਾਂ ' ਨੇ ਮਿੱਤੂ ਨਰਕਵਾਸੀ ਬਣਾ ਦਿੱਤਾ ਸੀ ।


**-ਜਸਵੰਤ ਸਿੰਘ ਬਰਾੜ**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਧਾਰਮਿਕ ਰੁਚੀਆਂ ਦੇ ਧਾਰਨੀ ਅਤੇ ਪੰਥਕ ਜਜ਼ਬੇ ਦੇ ਮੁਰੀਦ ਸਨ ਬਾਬਾ ਜੋਗਿੰਦਰ ਸਿੰਘ

**ਬਾਬਾ ਜੋਗਿੰਦਰ ਸਿੰਘ ਜੀ ਦਾ ਜਨਮ 20ਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ 1909 ਈ: ਵਿੱਚ ਮਾਲਵੇ ਦੀ ਧਰਤੀ** 'ਤੇ ਜ਼ਿਲ੍ਹਾ ਫ਼ਿਰੋਜ਼ਪੁਰ (ਹੁਣ ਫ਼ਰੀਦਕੋਟ) ਵਿੱਚ ਤਹਿਸੀਲ ਮੋਗਾ ਤੋਂ 30 ਕਿਲੋਮੀਟਰ ਦੀ ਦੂਰੀ 'ਤੇ ਵਸੇ ਪਿੰਡ ਰੋਡੇ ਵਿੱਚ ਪਿਤਾ ਬਾਬਾ ਹਰਨਾਮ ਸਿੰਘ ਜੀ ਦੇ ਘਰ ਮਾਤਾ ਨੰਦ ਕੌਰ ਜੀ ਦੀ ਕੁੱਖੋਂ ਹੋਇਆ। ਬਾਬਾ ਜੀ ਦੋ ਭਰਾ ਸਨ। ਦੂਸਰੇ ਭਾਈ ਦਾ ਨਾਂ ਸੱਜਣ ਸਿੰਘ ਸੀ। ਬਾਬਾ ਜੀ ਕਿਸਾਨੀ ਜੀਵਨ ਦੀ ਕਿਰਤ ਦੇ ਨਾਲ ਸਿੱਖੀ ਅਸੂਲਾਂ ਦੇ ਵੀ ਬਹੁਤ ਪ੍ਰੀਪੱਕ ਸਨ। ਛੋਟੀ ਉਮਰ ਤੋਂ ਹੀ ਬਾਬਾ ਜੀ ਧਾਰਮਿਕ ਰੁਚੀਆਂ ਦੇ ਧਾਰਨੀ ਸਨ। ਆਪ ਨੂੰ ਮਾਤਾ-ਪਿਤਾ ਵੱਲੋਂ ਬਚਪਨ ਤੋਂ ਹੀ ਗੁਰਬਾਣੀ ਪੜ੍ਹਾਉਣ ਅਤੇ ਗੁਰੂ ਘਰ ਦੀਆਂ ਸਾਖੀਆਂ ਸਣਾਉਣ ਵਿੱਚ ਖ਼ਾਸ ਰੁਚੀ ਸੀ।

ਬਾਬਾ ਜੀ ਦੀ ਉਮਰ 6-7 ਸਾਲ ਦੀ ਸੀ ਜਦੋਂ ਉਹ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਸੰਤ ਕਿਰਪਾਲ ਸਿੰਘ ਜੀ ਕੋਲ ਜਾਣ ਲੱਗ ਪਏ ਸਨ। ਸੰਤ ਕਿਰਪਾਲ ਸਿੰਘ ਜੀ ਨੇ ਆਪ ਨੂੰ ਗੁਰਬਾਣੀ ਪੜ੍ਹਨ ਦੀ ਪ੍ਰੇਰਨਾ ਦਿੱਤੀ ਜਿਸ ਤੋਂ ਪ੍ਰਭਾਵਿਤ ਹੋ ਕੇ ਆਪ ਜੀ ਦੇ ਮਨ ਵਿੱਚ ਗੁਰਬਾਣੀ ਪੜ੍ਹਨ ਦਾ ਭਾਰੀ ਉਤਸ਼ਾਹ ਪੈਦਾ ਹੋਇਆ। ਸੰਤ ਕਿਰਪਾਲ ਸਿੰਘ ਜੀ ਤੋਂ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਸਾਰ ਕੁਤਾਵਲੀ, ਭਾਂਵਰ ਸਾਂਮ੍ਰਿ, ਚੰਦਰ ਪ੍ਰਬੋਧ ਨਾਟਕ, ਕਬਿੱਤ ਸਵੱਈਏ ਵਾਰਾਂ ਭਾਈ ਗੁਰਦਾਸ ਜੀ, ਗੁਰੂ ਨਾਨਕ ਪ੍ਰਕਾਸ਼, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਸੰਥਿਆ ਸਹਿਤ ਪੜ੍ਹੀ। ਸੰਤ ਕ੍ਰਿਪਾਲ ਸਿੰਘ ਜੀ ਦੀ ਪ੍ਰੇਰਨਾ ਸਦਕਾ ਹੀ ਆਪ ਛੋਟੀ ਉਮਰ ਤੋਂ ਹੀ ਨਗਰ ਦੀ ਜਥੇਬੰਦੀ ਦੇ ਮੈਂਬਰ ਬਣੇ ਤੇ ਸ਼ੁਰੂ ਤੋਂ ਹੀ ਭਾਰੀ ਜ਼ਜਬਾਤ ਸਹਿਤ ਪੰਥਕ ਸਰਗਰਮੀਆਂ ਵਿੱਚ ਜੁਟ ਗਏ। ਗੁਰਦੁਆਰਿਆਂ ਦੀ ਆਜ਼ਾਦੀ ਲਈ ਉਹਨਾਂ ਨੇ ਸੰਤ ਕਿਰਪਾਲ ਸਿੰਘ ਰੋਡੇ ਨਾਲ਼ ਮਿਲ਼ ਕੇ ਇਲਾਕੇ ਦੇ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਦੀਨਾ ਸਾਹਿਬ ( ਜ਼ਫ਼ਰਨਾਮਾ) ਮਹੰਤਾਂ ਤੋਂ ਆਜ਼ਾਦ ਕਰਵਾਇਆ ।ਬਾਬਾ ਜੋਗਿੰਦਰ ਸਿੰਘ ਜੀ ਇਲਾਕੇ ਵਿੱਚ ਗੱਤਕੇ ਦੇ ਜਥੇਦਾਰ ਵੀ ਸਨ। ਦਮਦਮੀ ਟਕਸਾਲ ਦੇ 11ਵੇਂ ਜਥੇਦਾਰ ਸੰਤ ਬਾਬਾ ਸੁੰਦਰ ਸਿੰਘ ਜੀ ਖ਼ਾਲਸਾ ਹਰ ਸਾਲ ਇੱਕ ਜਾਂ ਡੇਢ ਮਹੀਨਾ ਨਗਰ ਦੇ ਗੁਰਦੁਆਰੇ ਸੰਤ ਕ੍ਰਿਪਾਲ ਸਿੰਘ ਜੀ ਕੋਲ ਠਹਿਰ ਕੇ ਕਥਾ ਤੇ ਕੀਰਤਨ ਦਾ ਪ੍ਰਵਾਹ ਚਲਾਉਂਦੇ ਸਨ। ਛੋਟੀ ਉਮਰ ਵਿੱਚ ਹੀ ਉਹਨਾਂ ਤੋਂ ਖੰਡੇ-ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਸੰਤਾਂ-ਮਹਾਂਪੁਰਖਾਂ ਦੀ ਸਿੱਖਿਆ ਅਨੁਸਾਰ ਪੂਰਾ ਜੀਵਨ ਸੱਚ ਤੇ ਸੁੱਚ ਉੱਪਰ ਪਹਿਰਾ ਦਿੰਦਿਆਂ ਸਿੱਖੀ ਕੇਸਾਂ ਸੰਗ ਨਿਭਾਈ। ਬਾਬਾ ਜੀ ਦਾ ਪਿਤਾ-ਪੁਰਖੀ ਕਿੱਤਾ ਖੇਤੀਬਾੜੀ ਸੀ। ਖੇਤੀ ਦਾ ਕੰਮ ਕਰਦਿਆਂ ਆਪ ਉਸ ਪ੍ਰਭੂ ਦੇ ਸਿਮਰਨ ਵਿੱਚ ਜੁੜੇ ਰਹਿੰਦੇ। ਆਪਣੀ ਕਿਰਤ-ਕਮਾਈ ਵਿੱਚੋਂ ਹਮੇਸ਼ਾਂ ਦਸਵੰਧ ਕੱਢਦੇ। ਆਪ ਭਿੰਡਰਾਂਵਾਲੇ ਸੰਤਾਂ, ਦਮਦਮੀ ਟਕਸਾਲ ਨੂੰ ਘਰ ਬੁਲਾ ਕੇ ਲੰਗਰ-ਪਾਣੀ ਦੀ ਸੇਵਾ ਕਰਦੇ ਰਹਿੰਦੇ। ਪੁਰਾਤਨ ਰੀਤੀ ਅਨੁਸਾਰ ਬਾਬਾ ਜੀ ਅਤੇ ਉਹਨਾਂ ਦੇ ਭਰਾ ਭਾਈ ਸੱਜਣ ਸਿੰਘ ਜੀ ਦਾ ਵਿਆਹ ਛੋਟੀ ਉਮਰ ਵਿੱਚ ਹੀ ਕਰ ਦਿੱਤਾ ਗਿਆ ਸੀ। ਹਾਲੇ ਦੋਵਾਂ ਭਾਈਆਂ ਦੀ ਮੁਕਲਾਵੇ ਦੀ ਰਸਮ ਹੋਣੀ ਬਾਕੀ ਸੀ ਕਿ ਭਾਈ ਸੱਜਣ ਸਿੰਘ ਸੁਰਗਵਾਸ ਹੋ ਗਏ ਜਿਨ੍ਹਾਂ ਦਾ ਵਿਆਹ (ਮਾਤਾ) ਨਿਹਾਲ ਕੌਰ ਪਿੰਡ ਗਾਲਿਬ ਕਲਾਂ ਨਾਲ ਹੋਇਆ ਸੀ। ਬਾਬਾ ਜੋਗਿੰਦਰ ਸਿੰਘ ਜੀ ਦਾ ਵਿਆਹ (ਮਾਤਾ) ਧੰਨ ਕੌਰ ਪਿੰਡ ਡਾਲਾ ਨਾਲ ਹੋਇਆ ਸੀ। ਸੰਤ ਬਾਬਾ ਕਿਰਪਾਲ ਸਿੰਘ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਪ੍ਰੇਰਨਾ ਸਦਕਾ ਆਪ ਨੇ ਨਿਹਾਲ ਕੌਰ ਨਾਲ ਵੀ ਅਨੰਦ-ਕਾਰਜ ਕਰਕੇ ਸ਼ਾਦੀ ਕਰ ਲਈ। ਇਸ ਤਰ੍ਹਾਂ ਬਾਬਾ ਜੋਗਿੰਦਰ ਸਿੰਘ ਜੀ ਦੇ ਦੋ ਵਿਆਹ ਹੋਏ ਸਨ। ਇਸ ਦੌਰਾਨ (ਮਾਤਾ) ਧੰਨ ਕੌਰ ਜੀ ਦੀ ਕੁੱਖੋਂ ਪੰਜ ਸਪੁੱਤਰਾਂ ਭਾਈ ਜਗੀਰ ਸਿੰਘ ਜੀ, ਭਾਈ ਜਗਜੀਤ ਸਿੰਘ ਜੀ, ਭਾਈ ਹਰਚਰਨ ਸਿੰਘ ਜੀ, ਭਾਈ ਜੁਗਰਾਜ ਸਿੰਘ ਜੀ, ਭਾਈ ਹਰਜੀਤ ਸਿੰਘ ਜੀ ਨੇ ਜਨਮ ਲਿਆ। ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਦੋ ਪੁੱਤਰਾਂ ਭਾਈ ਵੀਰ ਸਿੰਘ ਜੀ ਤੇ ਸੰਤ ਜਰਨੈਲ ਸਿੰਘ ਜੀ ਤੇ ਇੱਕ ਪੁੱਤਰੀ ਬੀਬੀ ਇੰਦਰਜੀਤ ਕੌਰ ਨੇ ਜਨਮ ਲਿਆ। ਬਾਬਾ ਜੀ ਨੇ ਸਾਰੇ ਪਰਿਵਾਰ ਨੂੰ ਹੀ ਗੁਰਬਾਣੀ ਨਾਲ ਜੋੜ ਕੇ ਅੰਮ੍ਰਿਤਧਾਰੀ ਬਣਾਇਆ ਅਤੇ ਸਿੱਖੀ ਵਿੱਚ ਪ੍ਰੀਪੱਕ ਰਹਿਣ ਦੀ ਸਿੱਖਿਆ ਦਿੱਤੀ। ਬਾਬਾ ਜੀ ਦਮਦਮੀ ਟਕਸਾਲ ਦੇ ਜੱਥੇ ਦੇ ਪਿੰਡ ਆਉਣ ਤੇ ਭਾਰੀ ਆਉ ਭਗਤ ਕਰਦੇ। ਆਪ ਜੀ ਦੀ ਸੰਤ ਗਿਆਨੀ ਸੁੰਦਰ ਸਿੰਘ



ਜੀ ਤੇ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨਾਲ ਬਹੁਤ ਨੇੜਤਾ ਰਹੀ। ਆਪ ਪਿੰਡ ਰੋਡੇ ਦੇ ਦੋ ਵਾਰ ਸਰਪੰਚ

**ਬਾਬਾ ਜੋਗਿੰਦਰ ਸਿੰਘ ਜੀ ਦੀ ਅੱਜ 18 ਨਵੰਬਰ ਨੂੰ ਬਰਸੀ 'ਤੇ ਵਿਸ਼ੇਸ਼**


ਵੀ ਬਣੇ। ਆਪ ਪੂਰੀ ਨਗਰ ਪੰਚਾਇਤ ਨੂੰ ਨਾਲ ਲੈ ਕੇ ਟਕਸਾਲ ਦੇ ਜਥੇ ਦੀ ਸੇਵਾ ਕਰਦੇ ਸਨ। ਇੱਕ ਦਿਨ ਜਦੋਂ ਦਮਦਮੀ ਟਕਸਾਲ ਦਾ ਜਥਾ ਪਿੰਡ ਰੋਡੇ ਵਿੱਚ ਪਹੁੰਚਿਆ ਹੋਇਆ ਸੀ ਤਾਂ ਬਾਬਾ

ਆਵਾਜ਼ਿ ਕੌਮ AWAZE QAUM International Newspaper & WEB TV

ਜੋਗਿੰਦਰ ਸਿੰਘ ਨੇ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਨੂੰ ਜਥੇ ਸਮੇਤ ਘਰ ਪਹੁੰਚ ਕੇ ਲੰਗਰ ਛਕਣ ਦੀ ਬੇਨਤੀ ਕੀਤੀ ਜੋ ਸੰਤਾਂ-ਮਹਾਂਪੁਰਖਾਂ ਨੇ ਪ੍ਰਵਾਨ ਕਰ ਲਈ। ਆਪ ਜਥੇ ਸਮੇਤ ਘਰ ਪਹੁੰਚੇ ਤੇ ਪੰਗਤਾਂ ਲਗਾ ਕੇ ਲੰਗਰ ਛਕਿਆ। ਉਪਰੰਤ ਬਾਬਾ ਜੋਗਿੰਦਰ ਸਿੰਘ ਜੀ ਨੂੰ ਬੁਲਾ ਕੇ ਪੁੱਛਿਆ, "ਜਥੇਦਾਰ ਜੀ ! ਤੁਹਾਡੇ ਕਿੰਨੇ ਭੁਝੰਗੀ (ਪੁੱਤਰ) ਹਨ ? ਤਾਂ ਬਾਬਾ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ ਸੱਤ ਭੁਝੰਗੀ ਹਨ। ਇਹ ਸੁਣ ਕੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਬੜੇ ਪਿਆਰ ਨਾਲ ਕਿਹਾ ਕਿ ਇੱਕ ਭੁਝੰਗੀ ਦਮਦਮੀ ਟਕਸਾਲ ਨੂੰ ਦੇ ਦੇਵੋ।" ਬਾਬਾ ਜੋਗਿੰਦਰ ਸਿੰਘ ਜੀ ਨੇ ਸੱਤਾਂ ਹੀ ਸਪੁੱਤਰਾਂ ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਸਾਹਮਣੇ ਖੜ੍ਹਾ ਕਰ ਦਿੱਤਾ ਅਤੇ ਬੇਨਤੀ ਕੀਤੀ, "ਮਹਾਂਪੁਰਸ਼ੋ ! ਮੇਰੇ ਲਈ ਸੱਤੇ ਹੀ ਪੁੱਤਰ ਇੱਕੋ ਜਿਹੇ ਹਨ, ਆਪ ਜਿਸ ਨੂੰ ਚਾਹੋ, ਲੈ ਕੇ ਜਾ ਸਕਦੇ ਹੋ।" ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਭਾਈ ਜਰਨੈਲ ਸਿੰਘ ਜੋ ਉਮਰ ਵਿੱਚ ਸਭ ਤੋਂ ਛੋਟੇ ਸਨ, ਨੂੰ ਚੁਣਿਆ ਅਤੇ ਕਿਹਾ ਕਿ ਇਹ ਭੁਝੰਗੀ ਸਾਨੂੰ ਦੇ ਦਿਉ। ਉਸੇ ਦਿਨ ਹੀ ਆਪ ਭਾਈ (ਸੰਤ) ਜਰਨੈਲ ਸਿੰਘ ਨੂੰ ਜਥੇ ਵਿੱਚ ਪੱਕੇ ਤੌਰ ਤੇ ਸ਼ਾਮਲ ਕਰਕੇ ਨਾਲ ਲੈ ਗਏ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਤੋਂ ਬਾਅਦ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦਾ ਵੀ ਬਾਬਾ ਜੋਗਿੰਦਰ ਸਿੰਘ ਨਾਲ ਪੂਰੀ ਨੇੜਤਾ ਵਾਲਾ ਸੰਬੰਧ ਕਾਇਮ ਰਿਹਾ। ਇੱਥੋਂ ਤੱਕ ਕਿ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਆਪ ਜੀ ਨੂੰ 'ਬਾਪੂ ਜੀ' ਕਹਿ ਕੇ ਹੀ ਬੁਲਾਉਂਦੇ ਸਨ। ਆਪ ਜੀ ਨੇ ਆਪਣਾ ਇੱਕ ਪੋਤਰਾ ਭਾਈ ਸਵਰਨ ਸਿੰਘ ਵੀ ਦਮਦਮੀ ਟਕਸਾਲ ਲਈ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਸਪੁਰਦ ਕਰ ਦਿੱਤਾ। ਇਸ ਦੌਰਾਨ ਸੰਤ ਕਰਤਾਰ ਸਿੰਘ ਜੀ ਤੇ ਭਾਈ (ਸੰਤ) ਜਰਨੈਲ ਸਿੰਘ ਦਾ ਆਪਸੀ ਅਥਾਹ ਪਿਆਰ ਰਿਹਾ। ਜਦੋਂ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਦੀ ਸੁਧਾਈ ਕੀਤੀ ਤਾਂ ਭਾਈ (ਸੰਤ) ਜਰਨੈਲ ਸਿੰਘ ਨੂੰ ਆਪਣੇ ਨਾਲ ਰੱਖਿਆ। ਅਚਾਨਕ ਹੀ ਇੱਕ ਐਕਸੀਡੈਂਟ ਦੌਰਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਉਪਰੰਤ ਸੰਤ ਕਰਤਾਰ ਸਿੰਘ ਜੀ ਅਕਾਲ ਚਲਾਣਾ ਕਰ ਗਏ। ਉਪਰੰਤ ਬਾਬਾ ਠਾਕੁਰ ਸਿੰਘ ਜੀ ਤੇ ਸਮੂਹ ਸਿੰਘਾਂ ਨੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਵਜੋਂ ਭਾਈ ਜਰਨੈਲ ਸਿੰਘ ਨੂੰ ਚੁਣਨਾ ਚਾਹਿਆ। ਭਾਈ ਜਰਨੈਲ ਸਿੰਘ ਨੇ ਬਾਬਾ ਜੋਗਿੰਦਰ ਸਿੰਘ ਜੀ ਨੂੰ ਪੁੱਛਿਆ, "ਪਿਤਾ ਜੀ ! ਜਥੇ ਦੇ ਮੁਖੀ ਸਿੰਘ ਦਮਦਮੀ ਟਕਸਾਲ ਦੇ ਮੁਖੀ ਵਜੋਂ ਮੇਰੇ ਨਾਂ ਦੀ ਚਰਚਾ ਕਰ ਰਹੇ ਹਨ। ਇਸ ਉੱਪਰ ਆਪ ਜੀ ਦਾ ਕੀ ਵਿਚਾਰ ਹੈ ? ਤਾਂ ਬਾਬਾ ਜੀ ਨੇ ਬੜੀ ਗੰਭੀਰਤਾ ਨਾਲ ਉੱਤਰ ਦਿੱਤਾ ਕਿ ਇਹ ਅਕਾਲ ਪੁਰਖ ਦੀ ਦਾਤ ਹੈ, ਤੂੰ ਆਪਣੇ ਮਨ ਵਿੱਚ ਕੋਈ ਇੱਛਾ ਨਾ ਰੱਖੀਂ ਕਿ ਇਹ ਦਾਤ ਮੈਨੂੰ ਪ੍ਰਾਪਤ ਹੋਵੇ, ਪਰ ਜੇ ਸੰਗਤ ਤੈਨੂੰ ਹੁਕਮ ਕਰੇ ਤਾਂ ਸਿਰ ਨਿਵਾ ਕੇ ਮੰਨ ਲਈਂ।" ਬਾਬਾ ਠਾਕੁਰ ਸਿੰਘ ਜੀ ਤੇ ਸਮੂਹ ਦਮਦਮੀ ਟਕਸਾਲ ਨੇ ਸੰਤ ਜਰਨੈਲ ਸਿੰਘ ਜੀ ਨੂੰ ਦਮਦਮੀ ਟਕਸਾਲ ਦਾ 14ਵਾਂ ਮੁਖੀ ਨਿਯੁਕਤ ਕਰ ਲਿਆ।

ਬਾਬਾ ਠਾਕੁਰ ਸਿੰਘ ਜੀ ਨਾਲ ਵੀ ਬਾਬਾ ਜੋਗਿੰਦਰ ਸਿੰਘ ਜੀ ਦੀ ਪਹਿਲੇ ਮਹਾਂਪੁਰਖਾਂ ਵਾਂਗ ਨੇੜਤਾ ਅੰਤਿਮ ਸਵਾਸਾਂ ਤੱਕ ਕਾਇਮ ਰਹੀ। ਬਾਬਾ ਜੋਗਿੰਦਰ ਸਿੰਘ ਜੀ ਨੇ ਜੈਤੋ ਦੇ ਮੋਰਚੇ ਵਿੱਚ ਸ਼ਾਮਲ ਸਿੰਘਾਂ ਲਈ ਸੰਤ ਕਿਰਪਾਲ ਸਿੰਘ ਜੀ ਦੇ ਕਹਿਣ ਤੇ ਨਗਰਾਂ, ਪਿੰਡਾਂ ਵਿੱਚੋਂ ਰਾਸ਼ਨ ਦਾ ਪ੍ਰਬੰਧ ਕਰਨ ਦੀ ਜ਼ੁੰਮੇਵਾਰੀ ਆਪਣੇ ਸਿਰ ਲਈ। ਬਾਬਾ ਜੀ ਅਕਾਲੀ ਦਲ ਵੱਲੋਂ ਆਰੰਭੇ ਗਏ ਹਰ ਕਾਰਜ ਵਿੱਚ ਯੋਗਦਾਨ ਪਾਉਂਦੇ ਸਨ। ਆਪ ਨੇ ਨਗਰ ਦੇ ਨੌਜਵਾਨਾਂ ਦੀ ਇੱਕ ਜਥੇਬੰਦੀ ਕਾਇਮ ਕੀਤੀ। ਜਿਸ ਨੂੰ ਗਤਕਾਬਾਜ਼ੀ ਤੇ ਸ਼ਸਤਰ ਵਿੱਦਿਆ ਵਿੱਚ ਨਿਪੁੰਨ ਕੀਤਾ। ਬਾਬਾ ਜੀ ਨੇ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਕਈ ਇਲਾਕਾ ਨਿਵਾਸੀਆਂ ਸਮੇਤ ਗ੍ਰਿਫਤਾਰੀ ਦਿੱਤੀ। ਬਾਬਾ ਜੀ ਦੀ ਅਗਵਾਈ ਵਿੱਚ 1989 ਦੀਆਂ ਪਾਰਲੀਮੈਂਟ ਚੋਣਾਂ ਵਿੱਚ ਪੰਥਕ ਉਮੀਦਵਾਰਾਂ ਨੇ ਵੱਡੀ ਜਿੱਤ ਪ੍ਰਾਪਤ ਕੀਤੀ। ਸ੍ਰ: ਸਿਮਰਨਜੀਤ ਸਿੰਘ ਮਾਨ ਦੇ ਰਿਹਾਅ ਹੋਣ ਤੋਂ ਬਾਅਦ ਬਾਬਾ ਜੀ ਸ਼੍ਰੋਮਣੀ ਅਕਾਲੀ ਦਲ ਪੰਥਕ ਦੀ ਪ੍ਰਧਾਨਗੀ ਉਹਨਾਂ ਨੂੰ ਸੌਂਪ ਕੇ ਫਿਰ ਅੰਮ੍ਰਿਤ-ਪ੍ਰਚਾਰ ਦੀ ਮੁਹਿੰਮ ਵਿੱਚ ਜੁੱਟ ਗਏ। ਆਪ ਨੇ ਕਈ ਵਾਰ ਜ਼ੇਲ੍ਹ ਵੀ ਕੱਟੀ। ਅਪਰੇਸ਼ਨ ਬਲਿਊ ਸਟਾਰ ਸਮੇਂ ਬਾਬਾ ਜੋਗਿੰਦਰ ਸਿੰਘ ਜੀ ਨੂੰ ਘਰ ਵਿੱਚ ਨਜ਼ਰਬੰਦ ਕੀਤਾ ਗਿਆ। ਬਾਬਾ ਜੀ ਅਖ਼ੀਰਲੇ ਦਮ ਤੱਕ ਮੋਰਚਿਆਂ ਵਿੱਚ ਡਟੇ ਰਹੇ ਤੇ ਸੇਵਾ ਦੇ ਕਾਰਜ ਕਰਦੇ ਰਹੇ। ਬਾਬਾ ਜੋਗਿੰਦਰ ਸਿੰਘ ਜੀ 18 ਨਵੰਬਰ 1993 ਈ: ਨੂੰ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਾਈਵੇਟ ਹਸਪਤਾਲ ਵਿੱਚ 85 ਸਾਲ ਦੀ ਉਮਰ ਭੋਗ ਕੇ ਸੱਚ-ਖੰਡ ਜਾ ਬਿਰਾਜੇ। ਅੱਜ 18 ਨਵੰਬਰ ਨੂੰ ਬਾਬਾ ਜੋਗਿੰਦਰ ਸਿੰਘ ਜੀ ਦੀ ਬਰਸੀ ਗੁਰਦੁਆਰਾ ਸੰਤ ਖ਼ਾਲਸਾ ਪਿੰਡ ਰੋਡੇ (ਮੋਗਾ) ਵਿਖੇ ਮਨਾਈ ਜਾ ਰਹੀ ਹੈ।

**-ਕਰਨੈਲ ਸਿੰਘ ਐੱਮ.ਏ. ਲੁਧਿਆਣਾ**
# 1138/63-ਏ, ਗੁਰੂ ਤੇਗ. ਬਹਾਦਰ ਨਗਰ, ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ











### ਆਕਾਲੀ ਦਲ ਅਤੇ ਕਾਂਗਰਸ ਪਾਰਟੀ ਭਾਰੀ ਝਟਕਾ

# ਪਿੰਡ ਉਦੋ ਨੰਗਲ ਤੋਂ ਆਮ ਆਦਮੀ ਪਾਰਟੀ ਵਿੱਚ ਹੋਏ ਸ਼ਾਮਲ



**ਚੌਕ ਮਹਿਤਾ,17 ਨਵੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਲਕਾ ਜੰਡਿਆਲਾ ਗੁਰੂ ਦੇ ਦੇ ਪਿੰਡ ਉਦੋ ਨੰਗਲ ਸ, ਬਲਜੀਤ ਸਿੰਘ ਚਾਹਲ ਉਦੋਂ ਨੰਗਲ ਜੁਆਇੰਟ ਸੈਕਟਰੀ ਪੰਜਾਬ ,ਭਗਤ ਸਿੰਘ ਬੀ ਸੀ ਵਿੰਗ ਬਲਾਕ ਪ੍ਰਧਾਨ, ਜਰਮਨ ਸਿੰਘ ਉਦੋ ਨੰਗਲ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਦੀ ਪ੍ਰੇਰਣਾ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਉ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਉ ਦੇ ਚੰਗੇ ਵਿਕਾਸ ਕਾਰਜਾਂ ਨੂੰ ਮੁੱਖ ਰੱਖ ਕੇ ਦੂਸਰੀਆਂ ਪਾਰਟੀਆਂ ਛੱਡ ਨੂੰ ਛੱਡ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ ਕਿਉਂ ਕਿ ਪੰਜਾਬ ਦੇ ਮੁੱਖ ਮੰਤਰੀ ਸ੍ ਭਗਵੰਤ ਸਿੰਘ ਮਾਨ ਨੇ ਜਿੰਨੀਆਂ ਵੀ ਲੋਕਾਂ ਨਾਲ ਗਰੰਟੀਆ ਦਿੱਤੀਆਂ ਸਨ ਉਸ ਤੋਂ ਵੱਧ ਪੰਜਾਬ ਦੇ ਲੋਕਾਂ ਦੇ ਕੰਮ ਕੀਤੇ ਹਨ। ਸ਼ਾਮਲ ਹੋਣ ਵਾਲਿਆਂ ਵਿੱਚੋਂ ਮੈਂਬਰ ਮਹਿੰਦਰ ਕੌਰ ਧਰਮ ਪਤਨੀ ਸਾਧੂ ਸਿੰਘ ਅਕਾਲੀ ਦਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਤਰ੍ਹਾਂ ਕਾਂਗਰਸ ਨੂੰ ਛੱਡ ਕੇ ਕੁਲਦੀਪ ਸਿੰਘ, ਹਰਜੀਤ ਸਿੰਘ, ਨਿਸ਼ਾਨ ਸਿੰਘ, ਧਰਮ ਸਿੰਘ, ਬਲਵਿੰਦਰ ਕੌਰ, ਹਰਜਿੰਦਰ ਕੌਰ, ਅਮਨਪ੍ਰੀਤ ਕੌਰ, ਰਾਜਵਿੰਦਰ ਕੌਰ, ਕਰਨਬੀਰ ਕੌਰ ,ਗੁਰਮਨਜੀਤ ਸਿੰਘ ,ਸਾਜਨਪਰੀਤ ਸਿੰਘ, ਆਦਿ ਆਗੂ ਸ਼ਾਮਲ ਹੋਏ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਉ ਨੇ ਸ, ਬਲਜੀਤ ਸਿੰਘ ਚਾਹਲ ਉਦੋਂ ਨੰਗਲ ਜਨਰਲ ਸੈਕਟਰੀ ਪੰਜਾਬ, ਜਰਮਨ ਸਿੰਘ ਉਦੋ ਨੰਗਲ ਜ਼ਿਲ੍ਹਾ ਪ੍ਰੀਸ਼ਦ ਮੈਂਬਰ,ਭਗਤ ਸਿੰਘ ਬੀ ਸੀ ਵਿੰਗ ਬਲਾਕ ਪ੍ਰਧਾਨ ਦਾ ਧੰਨਵਾਦ ਕੀਤਾ ਅਤੇ ਸ਼ਾਮਲ ਹੋਏ ਆਗੂਆਂ ਨੂੰ ਜੀ ਆਇਆਂ ਆਖਿਆ।

### ਡਾ: ਅਵਤਾਰ ਸਿੰਘ ਨੂੰ ਹਲਕਾ ਫਿਰੋਜ਼ਪੁਰ ਦਿਹਾਤੀ ਦਾ

# ਇੰਚਾਰਜ ਨਿਯੁਕਤ ਕਰਨ 'ਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ



ਫ਼ਿਰੋਜ਼ਪੁਰ, 17 ਨਵੰਬਰ (ਮਨੋਹਰ ਲਾਲ) :— ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪਾਰਟੀ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਅਤੇ ਹਲਕੇ ਵਿੱਚ ਪਾਰਟੀ ਦੀਆਂ ਸਰਗਰਮੀਆਂ ਨੂੰ ਤੇਜ਼ ਕਰਨ ਦੇ ਮਕਸਦ ਨਾਲ ਡਾ: ਅਵਤਾਰ ਸਿੰਘ ਨੂੰ ਹਲਕਾ ਫਿਰੋਜ਼ਪੁਰ ਦਿਹਾਤੀ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਰਨਵੀਰ ਸਿੰਘ ਖਾਲਸਾ ਜਨਰਲ ਸਕੱਤਰ ਫਿਰੋਜਪੁਰ, ਜਗਦੀਪ ਸਿੰਘ ਭੁੱਲਰ ਫਿਰੋਜਪੁਰ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਡਾ: ਅਵਤਾਰ ਸਿੰਘ ਦੀ ਇਸ ਨਿਯੁਕਤੀ ਨਾਲ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਅਤੇ ਪਾਰਟੀ ਦੇ ਆਗੂਆਂ ਤੇ ਸਮਰਥਕਾਂ ਵੱਲੋਂ ਉਨ੍ਹਾਂ ਨੂੰ ਇਸ ਨਵੀਂ ਜ਼ਿੰਮੇਵਾਰੀ ਲਈ ਦਿਲੋਂ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਪਾਰਟੀ ਆਗੂਆਂ ਨੇ ਕਿਹਾ ਕਿ ਡਾ: ਅਵਤਾਰ ਸਿੰਘ ਇੱਕ ਮਿਹਨਤੀ ਅਤੇ ਸਮਰਪਿਤ ਸ਼ਖ਼ਸੀਅਤ ਹਨ, ਉਨ੍ਹਾਂ ਨੂੰ ਸੌਂਪੀ ਗਈ ਇਹ ਜ਼ਿੰਮੇਵਾਰੀ ਹਲਕੇ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਅਹਿਮ ਸਾਬਤ ਹੋਵੇਗੀ।ਉਨ੍ਹਾਂ ਉਮੀਦ ਜਤਾਈ ਕਿ ਡਾ: ਅਵਤਾਰ ਸਿੰਘ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਨੂੰ ਘਰ—ਘਰ ਪਹੁੰਚਾਉਣ ਦੇ ਨਾਲ—ਨਾਲ ਲੋਕਾਂ ਦੀਆਂ ਸਮੱਸਿਆਵਾਂ ਨੂੰ ਵੀ ਪਹਿਲ ਦੇ ਆਧਾਰ 'ਤੇ ਉਠਾਉਣਗੇ।ਅੰਤ ਵਿੱਚ ਪਾਰਟੀ ਵਰਕਰਾਂ ਨੇ ਵਿਸ਼ਵਾਸ ਜਤਾਇਆ ਕਿ ਡਾ: ਅਵਤਾਰ ਸਿੰਘ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ, ਲਗਨ ਅਤੇ ਤਨਦੇਹੀ ਨਾਲ ਨਿਭਾਉਂਦੇ ਹੋਏ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਨਗੇ।

## ਸਮੂਹ ਪੱਤਰਕਾਰਾਂ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੇ ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਗ਼ੈਰ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ ਨੂੰ ਛਾਪਣ ਤੋਂ ਅਸਮਰਥ ਹੋਵਾਂਗੇ।-ਭਾਈ ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ

## ਪੁਰਾਤਨ ਰਵਾਇਤਾਂ ਅਨੁਸਾਰ ਪਿੰਡ ਰਸੂਲਪੁਰ (ਮੱਲ੍ਹਾ) ਵਿੱਚ ਮਹਾਨ ਨਗਰ ਕੀਰਤਨ 22 ਨਵੰਬਰ ਦਿਨ ਐਤਵਾਰ ਨੂੰ -ਪ੍ਰਧਾਨ ਜੋਰਾ ਸਿੰਘ ਸਿੱਧੂ



ਜਗਰਾਉਂ (ਵਰਿਆਮ ਹਠੂਰ) ਸਿੱਖ ਧਰਮ ਦੇ ਬਾਨੀ ਪਹਿਲੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਜਿਲ੍ਹਾ ਲੁਧਿਆਣਾ ਦੇ ਪਿੰਡ ਰਸੂਲਪੁਰ (ਮੱਲ੍ਹਾ) ਵਿਖੇ ਗੁਰੂ ਨਾਨਕ ਨਗਰ ਕੀਰਤਨ ਕਮੇਟੀ ਵੱਲੋਂ ਪੁਰਾਤਨ ਰਵਾਇਤਾਂ ਅਨੁਸਾਰ ਮਹਾਨ ਨਗਰ ਕੀਰਤਨ 22 ਨਵੰਬਰ ਦਿਨ ਐਤਵਾਰ ਨੂੰ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਸਜਾਇਆ ਜਾਵੇਗਾ, ਜਾਣਕਾਰੀ ਸਾਂਝੀ ਕਰਦਿਆਂ ਗੁਰੂ ਨਾਨਕ ਨਗਰ ਕੀਰਤਨ ਕਮੇਟੀ ਰਸੂਲਪੁਰ ਦੇ ਪ੍ਰਧਾਨ ਜੋਰਾ ਸਿੰਘ ਸਿੱਧੂ ਰਸੂਲਪੁਰ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ 15 ਨਵੰਬਰ ਤੋ ਲੈ ਕੇ ਪ੍ਰਭਾਤ ਫੇਰੀਆਂ ਕੀਤੀਆਂ ਜਾ ਰਹੀਆਂ ਹਨ। ਜੋ 21 ਨਵੰਬਰ ਤੱਕ ਲਗਾਤਾਰ ਚੱਲਣਗੀਆਂ, ਅਤੇ 22 ਨਵੰਬਰ ਦਿਨ ਐਤਵਾਰ ਨੂੰ ਪੁਰਾਤਨ ਰਵਾਇਤਾਂ ਅਨੁਸਾਰ ਮਹਾਨ ਨਗਰ ਕੀਰਤਨ ਜੁੱਗੋ ਯੁੱਗ ਅਟੱਲ ਚਵਰ ਛਤਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਜੈਕਾਰਿਆਂ ਦੀ ਗੂੰਜ ਵਿੱਚ ਸਜਾਇਆ ਜਾਵੇਗਾ, ਮਹਾਨ ਨਗਰ ਕੀਰਤਨ ਵਿੱਚ ਪੰਥ ਦਾ ਪ੍ਰਸਿੱਧ ਕਵੀਸ਼ਰੀ ਜੱਥਾ ਭਾਈ ਕੁਲਵੰਤ ਸਿੰਘ ਜੀ (ਮਾਣੂੰਕੇ ਵਾਲੇ) ਗੁਰਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ, ਗੁਰਦੁਆਰਾ ਮੈਹਦੇਆਣਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਜਿੰਦਰ ਸਿੰਘ ਜੀ ਰਾਜਾ (ਰਸੂਲਪੁਰ ਵਾਲੇ) ਸ਼ਬਦ ਕੀਰਤਨ ਰਾਹੀਂ ਨਾਲ-ਨਾਲ ਹਾਜਰੀ ਭਰਨਗੇ, ਉਨ੍ਹਾਂ ਕਿਹਾ ਕਿ 12 ਨਵੰਬਰ ਦਿਨ ਵੀਰਵਾਰ ਤੋਂ ਸ੍ਰੀ ਸਹਿਜ ਪਾਠ ਸਹਿਕਾਰੀ ਸਭਾ ਰਸੂਲਪੁਰ ਦੇ ਨਜਦੀਕ ਬਣੀ ਧਰਮਸਾਲਾ ਵਿੱਚ ਪ੍ਰਕਾਸ਼ ਕੀਤੇ ਹੋਏ ਹਨ। ਜਿੰਨ੍ਹਾਂ ਦੇ ਭੋਗ 24 ਨਵੰਬਰ ਦਿਨ ਮੰਗਲਵਾਰ ਨੂੰ ਪਾਏ ਜਾਣਗੇ ਤੇ ਭੋਗ ਉਪਰੰਤ ਖੁੱਲ੍ਹੇ ਦੀਵਾਨ ਸਜਾਏ ਜਾਣਗੇ ਜਿਸ ਵਿਚ ਪੰਥ ਦੇ ਮਹਾਨ ਕਵੀਸ਼ਰ ਭਾਈ ਬਲਦੇਵ ਸਿੰਘ ਜੀ ਸਮਾਧ ਭਾਈ ਵਾਲਿਆਂ ਦਾ ਕਵੀਸ਼ਰੀ ਜੱਥਾ ਕਵਿਸ਼ਰੀ ਕਲਾ ਰਾਹੀਂ ਹਾਜ਼ਰੀ ਭਰੇਗਾ, ਅੰਤ ਵਿੱਚ ਉਨ੍ਹਾਂ ਕਿਹਾ ਕਿ ਇਸ ਸਾਰੇ ਸਮਾਗਮ ਨੂੰ ਲਾਇਵ ਵੀ ਵੇਖਿਆ ਜਾ ਸਕੇਗਾ।





Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage

### ਜ਼ਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ ਵਿੱਚ ਸਰਕਾਰੀ ਸੈਕੰਡਰੀ ਸਕੂਲ ਮਲਕਾਣਾ ਦੇ

# ਗੁਰਨੂਰਪ੍ਰੀਤ ਸਿੰਘ ਨੇ ਹਾਸਲ ਕੀਤੀ ਤੀਜੀ ਪੁਜ਼ੀਸ਼ਨ




**ਤਲਵੰਡੀ ਸਾਬੋ, 17 ਨਵੰਬਰ (ਗੁਰਜੰਟ ਸਿੰਘ ਨਥੇਹਾ)**- ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਪ੍ਰੋਜੈਕਟ ਇਨੋਵੇਸ਼ਨ 2026-27 ਅਧੀਨ ਜ਼ਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ 12 ਨਵੰਬਰ 2026 ਨੂੰ ਟੀਚਰਜ਼ ਹੋਮ, ਬਠਿੰਡਾ ਵਿਖੇ ਕਰਵਾਈ ਗਈ। ਇਸ ਪ੍ਰਦਰਸ਼ਨੀ ਵਿੱਚ ਸਰਕਾਰੀ ਸੈਕੰਡਰੀ ਸਕੂਲ ਮਲਕਾਣਾ ਦੇ ਦਸਵੀਂ ਜਮਾਤ ਦੇ ਵਿਦਿਆਰਥੀ ਗੁਰਨੂਰਪ੍ਰੀਤ ਸਿੰਘ ਪੁੱਤਰ ਬੂਟਾ ਸਿੰਘ ਨੇ ਭਾਗ ਲੈਂਦਿਆਂ ਤੀਜੀ ਪੁਜ਼ੀਸ਼ਨ ਹਾਸਲ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਇਹ ਪ੍ਰਦਰਸ਼ਨੀ 'ਸਾਇੰਸ, ਟੈਕਨੋਲੋਜੀ ਐਂਡ ਇਨੋਵੇਸ਼ਨ ਫਾਰ ਏ ਸਸਟੇਨੇਬਲ ਐਂਡ ਵਿਕਸਿਤ ਭਾਰਤ' ਦੇ ਵਿਸ਼ੇ ਅਧੀਨ ਕਰਵਾਈ ਗਈ, ਜਿਸ ਦੇ ਸਬ-ਥੀਮ 'ਡਿਜ਼ਾਸਟਰ ਮੈਨੇਜਮੈਂਟ' ਵਿੱਚ ਗੁਰਨੂਰਪ੍ਰੀਤ ਸਿੰਘ ਨੇ ਆਪਣਾ ਵਰਕਿੰਗ ਮਾਡਲ ਪੇਸ਼ ਕੀਤਾ। ਇਸ ਮਾਡਲ ਦੀ ਤਿਆਰੀ ਸਕੂਲ ਦੇ ਸਾਇੰਸ ਅਧਿਆਪਕ ਸ. ਰਾਜਵਿੰਦਰ ਸਿੰਘ ਵੱਲੋਂ ਕਰਵਾਈ ਗਈ ਸੀ। ਵਿਦਿਆਰਥੀ ਦੀ ਇਸ ਮਾਣਮੱਤੀ ਪ੍ਰਾਪਤੀ ਤੋਂ ਬਾਅਦ ਸਕੂਲ ਪਹੁੰਚਣ 'ਤੇ ਅਸੈਂਬਲੀ ਦੌਰਾਨ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਮੁੱਖ ਅਧਿਆਪਕ ਸ. ਗੁਰਮੇਲ ਸਿੰਘ ਅਤੇ ਸਮੂਹ ਸਟਾਫ ਵੱਲੋਂ ਵਿਦਿਆਰਥੀ ਗੁਰਨੂਰਪ੍ਰੀਤ ਸਿੰਘ ਅਤੇ ਸਾਇੰਸ ਅਧਿਆਪਕ ਸ. ਰਾਜਵਿੰਦਰ ਸਿੰਘ ਦਾ ਸਨਮਾਨ ਕਰਦਿਆਂ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਕਮਲਦੀਪ ਕੌਰ, ਮੈਡਮ ਅੰਜਨਾ, ਮੈਡਮ ਸੋਨੀਆ ਰਾਣੀ, ਮੈਡਮ ਦਲਪ੍ਰੀਤ ਕੌਰ, ਮੈਡਮ ਪਰਮਜੀਤ ਕੌਰ, ਸ. ਗੁਰਤੇਜ ਸਿੰਘ, ਗੁਰਜੀਤ ਸਿੰਘ, ਹਰਬੰਸ ਸਿੰਘ, ਮੋਹਨ ਸਿੰਘ, ਦਲ ਸਿੰਘ, ਹਰਜੀਵਨ ਸਿੰਘ ਅਤੇ ਤਰਨਵੀਰ ਕੌਰ ਤੋਂ ਇਲਾਵਾ ਟੀਚਿੰਗ ਪ੍ਰੈਕਟਿਸ ਕਰ ਰਹੀਆਂ ਵਿਦਿਆਰਥਣਾਂ ਜਸਵਿੰਦਰ ਕੌਰ, ਅਮਨਦੀਪ ਕੌਰ, ਜੋਤੀ ਕੌਰ ਅਤੇ ਸੋਨੀਆ ਕੌਰ ਵੀ ਹਾਜ਼ਰ ਸਨ।

**ਸਾਇੰਸ ਅਧਿਆਪਕ ਰਾਜਵਿੰਦਰ ਸਿੰਘ ਦੀ ਅਗਵਾਈ ਹੇਠ ਤਿਆਰ ਕੀਤਾ ਵਰਕਿੰਗ ਮਾਡਲ ਰਿਹਾ ਸਫਲ; ਸਕੂਲ ਪਹੁੰਚਣ 'ਤੇ ਵਿਦਿਆਰਥੀ ਅਤੇ ਅਧਿਆਪਕ ਦਾ ਕੀਤਾ ਸਨਮਾਨ**

ਆਵਾਜ਼ਿ ਕੌਮ AWAZE QAUM International Newspaper & WEB TV

### ਸਾਈਕਲ ਯਾਤਰਾ ਦੌਰਾਨ ਤਖਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋਏ

# ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, 'ਆਪ' ਸਰਕਾਰ 'ਤੇ ਲਾਏ ਗੰਭੀਰ ਦੋਸ਼






ਤਲਵੰਡੀ ਸਾਬੋ, 17 ਨਵੰਬਰ (ਗੁਰਜੰਟ ਸਿੰਘ ਨਥੇਹਾ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ ਆਪਣੀ ਸਾਈਕਲ ਯਾਤਰਾ ਦੌਰਾਨ ਸਿੱਖ ਕੌਮ ਦੇ ਚੌਥੇ ਤਖਤ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਗੁਰੂ ਸਾਹਿਬ ਅੱਗੇ ਅਰਦਾਸ ਕਰਦਿਆਂ ਪੰਜਾਬ ਦੀ ਚੜ੍ਹਦੀ ਕਲਾ ਅਤੇ ਆਪਣੀ ਯਾਤਰਾ ਦੀ ਸਫਲਤਾ ਲਈ ਅਰਦਾਸ ਕੀਤੀ। ਇਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖੇ ਸਿਆਸੀ ਹਮਲੇ ਕੀਤੇ ਅਤੇ ਆਪਣੀ ਸਾਈਕਲ ਯਾਤਰਾ ਦੇ ਮਕਸਦ ਤੇ ਅਗਲੇ ਪੜਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸਾਈਕਲ ਯਾਤਰਾ ਦੇ ਉਦੇਸ਼ ਬਾਰੇ ਗੱਲ ਕਰਦਿਆਂ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਨਸ਼ਿਆਂ ਅਤੇ ਗੈਂਗਸਟਰਵਾਦ ਦੀ ਲਪੇਟ ਵਿੱਚ ਆ ਕੇ ਬਰਬਾਦ ਹੋ ਰਹੀ ਹੈ। ਨੌਜਵਾਨਾਂ ਨੂੰ ਇਸ ਸੰਕਟ ਤੋਂ ਬਚਾਉਣ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ ਦੇਣ ਲਈ ਇਹ ਯਾਤਰਾ ਕੱਢੀ ਜਾ ਰਹੀ ਹੈ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਯਾਤਰਾ ਦੌਰਾਨ ਉਨ੍ਹਾਂ ਨੂੰ ਅਜਿਹੀਆਂ ਮਾਵਾਂ ਵੀ ਮਿਲੀਆਂ ਹਨ, ਜਿਨ੍ਹਾਂ ਦੇ ਚਾਰ-ਚਾਰ ਪੁੱਤਰ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਨੌਜਵਾਨਾਂ ਨੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਵਾਗਡੋਰ ਸੰਭਾਲਣੀ ਹੈ, ਇਸ ਲਈ ਸਾਰਿਆਂ ਨੂੰ ਮਿਲ ਕੇ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਹੰਭਲਾ ਮਾਰਨਾ ਚਾਹੀਦਾ ਹੈ। ਯਾਤਰਾ ਦੇ ਅਗਲੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਚੰਨੀ ਨੇ ਦੱਸਿਆ ਕਿ ਲੋਕਾਂ ਵੱਲੋਂ ਉਨ੍ਹਾਂ ਦੀ ਸਾਈਕਲ ਯਾਤਰਾ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਤਖਤ ਸ੍ਰੀ ਦਮਦਮਾ ਸਾਹਿਬ ਤੋਂ ਨਤਮਸਤਕ ਹੋਣ ਉਪਰੰਤ ਯਾਤਰਾ ਮਾਨਸਾ ਅਤੇ ਸਰਦੂਲਗੜ੍ਹ ਹਲਕੇ ਵੱਲ ਰਵਾਨਾ ਹੋਵੇਗੀ। ਅਗਲੇ ਦਿਨ ਯਾਤਰਾ ਰਾਮਪੁਰਾ ਫੂਲ ਅਤੇ ਬਰਨਾਲਾ ਵਿਖੇ ਪਹੁੰਚੇਗੀ, ਜਦਕਿ 19 ਤਰੀਕ ਨੂੰ ਪਾਇਲ, ਖੰਨਾ ਅਤੇ ਅਮਰਗੜ੍ਹ ਵਿਖੇ ਇਸ ਦਾ ਸਮਾਪਨ ਹੋਵੇਗਾ। ਪੰਜਾਬ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਸੂਬਾ ਸਰਕਾਰ ਨੂੰ ਘੇਰਦਿਆਂ ਚੰਨੀ ਨੇ ਕਿਹਾ ਕਿ ਪੰਜਾਬ ਵਿੱਚ ਹਰ ਰੋਜ਼ ਕਤਲ ਅਤੇ ਅਗਵਾ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ। ਉਨ੍ਹਾਂ ਬੀਤੇ ਦਿਨੀਂ ਇੱਕ ਪੁਲਿਸ ਮੁਲਾਜ਼ਮ ਦੇ ਕਤਲ ਦਾ ਜ਼ਿਕਰ ਕਰਦਿਆਂ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਲੋਕਾਂ ਨੇ ਵੋਟਾਂ ਭਗਵੰਤ ਮਾਨ ਨੂੰ ਪਾਈਆਂ ਸਨ, ਪਰ ਉਨ੍ਹਾਂ ਨੇ ਸੂਬੇ ਦੀ ਸੱਤਾ ਦੀ ਵਾਗਡੋਰ ਅਰਵਿੰਦ ਕੇਜਰੀਵਾਲ ਨੂੰ ਸੌਂਪ ਦਿੱਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੋਵਾਂ ਆਗੂਆਂ ਨੇ ਮਿਲ ਕੇ ਪੰਜਾਬ ਨੂੰ ਲੁੱਟਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਹਰੇ ਪੈੱਨ ਬਾਰੇ ਤੰਜ ਕੱਸਦਿਆਂ ਚੰਨੀ ਨੇ ਕਿਹਾ ਕਿ ਹੁਣ ਉਨ੍ਹਾਂ ਕੋਲ ਸਿਰਫ਼ ਪੈੱਨ ਦਾ ਖੋਹਾ ਹੀ ਰਹਿ ਗਿਆ ਹੈ ਅਤੇ ਇਹ ਪੈੱਨ ਪੰਜਾਬ ਦੀ ਭਲਾਈ ਦੀ ਬਜਾਏ ਸੂਬੇ ਦੇ ਵਿਨਾਸ਼ ਲਈ ਚੱਲ ਰਿਹਾ ਹੈ। ਆਮ ਆਦਮੀ ਪਾਰਟੀ ਦੇ ਆਗੂ ਅਮਨ ਅਰੋੜਾ ਵੱਲੋਂ ਸਾਈਕਲ ਯਾਤਰਾ ਸਬੰਧੀ ਕੀਤੀਆਂ ਟਿੱਪਣੀਆਂ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਜਦੋਂ ਵਿਰੋਧੀਆਂ ਨੂੰ ਤਕਲੀਫ਼ ਹੁੰਦੀ ਹੈ ਤਾਂ ਹੀ ਅਜਿਹੀਆਂ ਟਿੱਪਣੀਆਂ ਸਾਹਮਣੇ ਆਉਂਦੀਆਂ ਹਨ। ਯਾਤਰਾ ਦੌਰਾਨ ਸਥਾਨਕ ਕਾਂਗਰਸੀ ਆਗੂਆਂ ਅਤੇ ਜ਼ਿਲ੍ਹਾ ਪ੍ਰਧਾਨ ਦੀ ਗੈਰ-ਹਾਜ਼ਰੀ ਕਾਰਨ ਪਾਰਟੀ ਵਿੱਚ ਧੜੇਬੰਦੀ ਦੇ ਸਵਾਲ ਨੂੰ ਚੰਨੀ ਨੇ ਨਕਾਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਵਿੱਚ ਕੋਈ ਧੜੇਬੰਦੀ ਨਹੀਂ ਹੈ ਅਤੇ ਸਾਰੇ ਆਗੂ ਆਪੋ-ਆਪਣੇ ਕੰਮਾਂ ਵਿੱਚ ਰੁੱਝੇ ਹੋਏ ਹਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਿਤਾਬ ਰਿਲੀਜ਼ ਸਮਾਗਮ ਵਿੱਚ ਕਾਂਗਰਸੀ ਆਗੂਆਂ ਦੀ ਸ਼ਮੂਲੀਅਤ ਅਤੇ ਉਨ੍ਹਾਂ ਦੀ ਕਾਂਗਰਸ ਵਿੱਚ ਵਾਪਸੀ ਦੀਆਂ ਚਰਚਾਵਾਂ ਬਾਰੇ ਪੁੱਛੇ ਜਾਣ 'ਤੇ ਚੰਨੀ ਨੇ ਕਿਹਾ ਕਿ ਪੁਰਾਣੀ ਸਾਂਝ ਹੋਣ ਕਾਰਨ ਹੋਜ ਆਉਣਾ ਸੁਭਾਵਿਕ ਹੈ। ਉਨ੍ਹਾਂ ਕਿਤਾਬ ਰਿਲੀਜ਼ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਸਾਰਿਆਂ ਦਾ ਧੰਨਵਾਦ ਵੀ ਕੀਤਾ। ਹਾਲਾਂਕਿ ਉਨ੍ਹਾਂ ਕਿਹਾ ਕਿ ਈ.ਡੀ. ਦੇ ਕੇਸਾਂ ਅਤੇ ਮੌਜੂਦਾ ਹਾਲਾਤ ਨੂੰ ਦੇਖਦਿਆਂ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਵਿੱਚ ਵਾਪਸੀ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ।

**ਨੌਜਵਾਨਾਂ ਨੂੰ ਨਸ਼ਿਆਂ ਅਤੇ ਗੈਂਗਸਟਰਵਾਦ ਤੋਂ ਬਚਾਉਣਾ ਯਾਤਰਾ ਦਾ ਮੁੱਖ ਮਕਸਦ : ਚੰਨੀ**

ਆਵਾਜ਼ਿ ਕੌਮ AWAZE QAUM International Newspaper & WEB TV

# ਕੁਰਸੀ ਦੀ ਭੁੱਖ 'ਚ ਜ਼ਮੀਰ ਦਫ਼ਨ ਕਰ ਰਹੇ ਸਿਆਸੀ ਆਗੂ; ਪੰਜਾਬ ਦੇ ਹਿੱਤਾਂ ਨਾਲੋਂ ਨਿੱਜੀ ਸਵਾਰਥ ਹੋਏ ਭਾਰੂ: ਗੁਰਚਰਨ ਸਿੰਘ ਗੁਰਾਇਆ

## ਆਗੂਆਂ ਦੀਆਂ ਸਿਆਸੀ ਪਲਟੀਆਂ ਅਤੇ ਦੋਗਲੇ ਕਿਰਦਾਰ 'ਤੇ ਚੁੱਕੇ ਸਵਾਲ; ਆਪਣੇ ਆਗੂ ਦੀ ਹਰ ਗ.ਲਤੀ ਨੂੰ ਜਾਇਜ਼ ਠਹਿਰਾਉਣ ਵਾਲੇ ਸਮਰਥਕ ਵੀ ਸਿਆਸੀ ਨਿਘਾਰ ਲਈ ਜ਼ਿੰਮੇਵਾਰ



**ਨਵੀਂ ਦਿੱਲੀ 17 ਨਵੰਬਰ (ਮਨਪ੍ਰੀਤ ਸਿੰਘ ਖਾਲਸਾ)**:-ਜਰਮਨੀ ਰਹਿ ਰਹੇ ਜਲਾਵਤਨੀ ਸਿੱਖ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਪੰਜਾਬ ਦੀ ਮੌਜੂਦਾ ਸਿਆਸਤ ਵਿੱਚ ਕੁਰਸੀ ਦੀ ਲਾਲਸਾ, ਸਿਧਾਂਤਾਂ ਤੋਂ ਮੁਕਰਨ ਅਤੇ ਨਿੱਜੀ ਸਵਾਰਥਾਂ ਨੂੰ ਲੈ ਕੇ ਸਿਆਸੀ ਆਗੂਆਂ ਦੇ ਕਿਰਦਾਰ 'ਤੇ ਤਿੱਖੇ ਸਵਾਲ ਉਠਾਏ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੇ ਕਮੇਡੀ ਦੇ ਦੌਰ ਦਾ ਉਹ ਵਿਅੰਗ, ਜਿਸ ਵਿੱਚ ਉਹ ਕਹਿੰਦੇ ਸਨ ਕਿ ਰੱਬ ਮਨੁੱਖ ਨੂੰ ਧਰਤੀ 'ਤੇ ਭੇਜਣ ਸਮੇਂ ਉਸ ਅੰਦਰ ਜ਼ਮੀਰ ਨਾਂ ਦਾ ਪੁਰਜ਼ਾ ਪਾਉਂਦਾ ਸੀ, ਪਰ ਹੁਣ ਸਿਆਸੀ ਆਗੂਆਂ ਨੂੰ ਬਿਨਾਂ ਜ਼ਮੀਰ ਤੋਂ ਹੀ ਭੇਜਿਆ ਜਾ ਰਿਹਾ ਹੈ, ਅੱਜ ਉਨ੍ਹਾਂ ਸਮੇਤ ਸੱਤਾ ਦੀ ਦੌੜ ਵਿੱਚ ਲੱਗੇ ਹਰ ਆਗੂ ਲਈ ਸਵਾਲ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਮੰਚਾਂ ਤੋਂ ਜ਼ਮੀਰ ਅਤੇ ਸਿਧਾਂਤਾਂ ਦੀਆਂ ਗੱਲਾਂ ਕਰਨਾ ਸੌਖਾ ਹੈ, ਪਰ ਸੱਤਾ, ਅਹੁਦੇ ਅਤੇ ਨਿੱਜੀ ਲਾਭ ਸਾਹਮਣੇ ਉਨ੍ਹਾਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣਾ ਹੀ ਅਸਲ ਪਰਖ ਹੈ। ਪੰਜਾਬ ਦੀ ਸਿਆਸਤ ਵਿੱਚ ਅਕਸਰ ਲੋਕ ਸੇਵਾ ਦੇ ਦਾਅਵਿਆਂ ਉੱਤੇ ਕੁਰਸੀ ਦੀ ਲਾਲਸਾ ਭਾਰੂ ਪੈ ਜਾਂਦੀ ਹੈ ਅਤੇ ਕੱਲ੍ਹ ਜਿਨ੍ਹਾਂ ਆਗੂਆਂ ਜਾਂ ਪਾਰਟੀਆਂ ਨੂੰ ਪੰਜਾਬ ਤੇ ਪੰਥ ਦੇ ਹਿੱਤਾਂ ਦੇ ਵਿਰੋਧੀ ਦੱਸਿਆ ਜਾਂਦਾ ਸੀ, ਅੱਜ ਸਿਆਸੀ ਲਾਭ ਲਈ ਉਨ੍ਹਾਂ ਦੀਆਂ ਸਿਫ਼ਤਾਂ ਕੀਤੀਆਂ ਜਾਂਦੀਆਂ ਹਨ ਜਾਂ ਉਨ੍ਹਾਂ ਦੇ ਝੰਡੇ ਹੇਠ ਨਵੀਂ ਸਿਆਸੀ ਪਾਰੀ ਸ਼ੁਰੂ ਕਰ ਲਈ ਜਾਂਦੀ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਹਰ ਸਿਆਸੀ ਪਲਟੀ ਦਾ ਰੁਖ਼ ਅਹੁਦੇ, ਟਿਕਟ ਜਾਂ ਸੱਤਾ ਦੀ ਹਿੱਸੇਦਾਰੀ ਵੱਲ ਹੀ ਹੋਵੇ ਤਾਂ ਇਸ ਨੂੰ ਵਿਚਾਰਧਾਰਕ ਤਬਦੀਲੀ ਕਿਵੇਂ ਮੰਨਿਆ ਜਾ ਸਕਦਾ ਹੈ? ਉਨ੍ਹਾਂ ਕਿਹਾ ਕਿ ਵਿਚਾਰ ਬਦਲਣਾ ਜਾਂ ਆਪਣੀ ਗ.ਲ਼ਤੀ ਮੰਨ ਕੇ ਰਾਹ ਸੁਧਾਰਨਾ ਗ.ਲਤ ਨਹੀਂ, ਪਰ ਅਜਿਹੀ ਤਬਦੀਲੀ ਦੀ ਸੱਚਾਈ ਆਗੂ ਦੇ ਅਮਲਾਂ ਤੋਂ ਹੀ ਪਰਖੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿਆਸਤ ਵਿੱਚ ਸਵਾਰਥ ਇਸ ਹੱਦ ਤੱਕ ਭਾਰੂ ਹੋ ਗਿਆ ਹੈ ਕਿ ਮਤਲਬ ਵੇਲੇ ਗਧੇ ਨੂੰ ਵੀ ਪਿਉ ਬਣਾਇਆ ਜਾਂਦਾ ਹੈ ਅਤੇ ਮਤਲਬ ਨਿਕਲਣ ਮਗਰੋਂ ਪਿਉ ਨੂੰ ਵੀ ਗਧਾ ਆਖ ਦਿੱਤਾ ਜਾਂਦਾ ਹੈ। ਜਦੋਂ ਲੋਕਾਂ ਦੀ ਥਾਂ ਨਿੱਜੀ ਲਾਭ ਸਿਆਸਤ ਦਾ ਮਕਸਦ ਬਣ ਜਾਵੇ ਤਾਂ ਵਾਅਦਿਆਂ ਦਾ ਭਾਰ ਆਮ ਲੋਕ ਚੁੱਕਦੇ ਹਨ, ਜਦਕਿ ਸਿਆਸੀ ਸੌਦਿਆਂ ਦੇ ਲਾਭ ਆਗੂ ਲੈ ਜਾਂਦੇ ਹਨ। ਗੁਰਾਇਆ ਨੇ ਇਸ ਨਿਘਾਰ ਲਈ ਉਨ੍ਹਾਂ ਸਮਰਥਕਾਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ, ਜੋ ਆਪਣੇ ਆਗੂ ਦੀ ਹਰ ਪਲਟੀ ਅਤੇ ਗ.ਲਤੀ ਨੂੰ ਜਾਇਜ਼ ਸਾਬਤ ਕਰਨ ਲਈ ਨਵੀਆਂ ਦਲੀਲਾਂ ਘੜ ਲੈਂਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਵਿਰੋਧੀ ਦਾ ਉਹੀ ਕੰਮ ਗ.ਲਤ ਅਤੇ ਆਪਣੇ ਆਗੂ ਦਾ ਉਹੀ ਕੰਮ ਸਹੀ ਮੰਨਿਆ ਜਾਵੇ ਤਾਂ ਇਹ ਸਿਆਸੀ ਵਫ਼ਾਦਾਰੀ ਨਹੀਂ, ਸਗੋਂ ਆਪਣੀ ਸੋਚ ਅਤੇ ਜ਼ਮੀਰ ਨੂੰ ਕਿਸੇ ਆਗੂ ਦੇ ਹਵਾਲੇ ਕਰ ਦੇਣ ਦੇ ਬਰਾਬਰ ਹੈ। ਜਦੋਂ ਸਮਰਥਕ ਸਵਾਲ ਕਰਨ ਦੀ ਥਾਂ ਜੈ-ਜੈਕਾਰ ਕਰਨ ਲੱਗ ਪੈਂਦੇ ਹਨ ਤਾਂ ਆਗੂਆਂ ਦੀ ਜਵਾਬਦੇਹੀ ਖ਼ਤਮ ਹੋਣ ਲੱਗਦੀ ਹੈ ਅਤੇ ਲੋਕਾਂ ਦੀਆਂ ਅਸਲ ਸਮੱਸਿਆਵਾਂ ਨਾਅਰਿਆਂ ਦੇ ਰੌਲੇ ਵਿੱਚ ਦੱਬ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਅਜਿਹੇ ਆਗੂਆਂ ਦੀ ਲੋੜ ਹੈ, ਜੋ ਆਪਣੀ ਕਹਿਣੀ ਤੇ ਕਰਨੀ ਦੀ ਜ਼ਿੰਮੇਵਾਰੀ ਲੈਣ, ਗ.ਲਤੀਆਂ ਸਵੀਕਾਰ ਕਰਨ ਅਤੇ ਲੋਕਾਂ ਨਾਲ ਕੀਤੇ ਵਾਅਦਿਆਂ ਦਾ ਹਿਸਾਬ ਦੇਣ। ਇਸ ਦੇ ਨਾਲ ਹੀ ਲੋਕਾਂ ਨੂੰ ਵੀ ਆਪਣੇ ਪਸੰਦੀਦਾ ਆਗੂਆਂ ਨੂੰ ਸਵਾਲਾਂ ਤੋਂ ਛੋਟ ਦੇਣ ਦੀ ਬਜਾਏ ਇੱਕੋ ਕਸੌਟੀ 'ਤੇ ਪਰਖਣਾ ਚਾਹੀਦਾ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਕੁਰਸੀ ਹਾਸਲ ਕਰਨਾ ਸਿਆਸੀ ਜਿੱਤ ਹੋ ਸਕਦੀ ਹੈ, ਪਰ ਉਸ ਦੀ ਖ਼ਾਤਰ ਜ਼ਮੀਰ ਅਤੇ ਲੋਕਾਂ ਦਾ ਭਰੋਸਾ ਗੁਆ ਦੇਣਾ ਸਭ ਤੋਂ ਵੱਡੀ ਹਾਰ ਹੈ। ਬਹੁਤੀ ਭੀੜ ਨਾਲੋਂ ਘੱਟ ਪਰ ਚੰਗੇ ਲੋਕਾਂ ਦਾ ਸਾਥ ਮਹੱਤਵਪੂਰਨ ਹੈ ਅਤੇ ਮਾੜੇ ਰਾਜ ਪ੍ਰਬੰਧ ਤੇ ਮਨੁੱਖਤਾ ਵਿਰੋਧੀ ਨਿੱਜੀ ਸਵਾਰਥਾਂ ਵਿਰੁੱਧ ਸੰਘਰਸ਼ ਤੋਂ ਹਾਰ ਮੰਨਣ ਦੀ ਬਜਾਏ ਡਟੇ ਰਹਿਣ ਦੀ ਲੋੜ ਹੈ।

# ਆਪ ਸਰਕਾਰ ਨੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਪਿੰਡਾਂ 'ਚ ਵਿਕਾਸ ਦੇ ਕੰਮ ਠੱਪ ਪਏ ਸਾਬਕਾ ਵਿਧਾਇਕ ਸ੍ਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ



**ਜੰਡਿਆਲਾ ਗੁਰੂ 17 ਨਵੰਬਰ( ਕੁਲਵੰਤ ਸਿੰਘ ਵਿਰਦੀ )** - ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦਾ ਸਿਆਸੀ ਅਖਾੜਾ ਪੂਰੀ ਤਰਾਂ ਭੱਖ ਚੁੱਕਾ ਹੈ । ਵੱਖ ਵੱਖ ਪਾਰਟੀਆਂ ਦੇ ਵਰਕਰਾਂ ਅਤੇ ਆਗੂਆਂ ਦੀ ਸਿਆਸੀ ਰੁੱਤ ਬਦਲਣ ਦੀ ਸ਼ੁਰੂ ਹੋ ਗਈ ਹੈ । ਇੱਕ ਪਾਸੇ ਮੌਜੂਦਾ ਵਿਧਾਇਕ ਅਤੇ ਕੈਬਿਨਟ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਵਿਰੋਧੀ ਪਾਰਟੀ ਦੇ ਵਰਕਰਾਂ ਅਤੇ ਆਗੂਆਂ ਦੀ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ ਜਾ ਰਹੀ ਹੈ ਉੱਥੇ ਹੀ ਦੂਸਰੇ ਪਾਸੇ ਮੁੱਖ ਵਿਰੋਧੀ ਦਿਖਾਈ ਦੇ ਰਹੇ ਪੰਜਾਬ

### ਗੁਰਦੁਆਰਾ ਨਾਨਕ ਨਿਰਵੈਰ ਸੱਚਖੰਡ ਧਾਮ ਬਲਾਚੌਰ ਵਿਖੇ ਕਰਵਾਏ ਗਏ

# ‘ਸਲਾਨਾ ਬਰਸੀ ਸਮਾਗਮ’ ਵਿੱਚ ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ ਨੇ ਧਾਰਮਿਕ ਦੀਵਾਨ ਸਜ਼ਾਇਆ












ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ ਨੇ ਅੱਜ 17 ਨਵੰਬਰ 2026 ਨੂੰ ਗੁਰਦੁਆਰਾ ਨਾਨਕ ਨਿਰਵੈਰ ਸੱਚਖੰਡ ਧਾਮ ਬਲਾਚੌਰ ਵਿਖੇ ਸਤਿਕਾਰਯੋਗ ਬਾਬਾ ਗੁਰਦਿਆਲ ਸਿੰਘ ਟਾਂਡਾ ਵਾਲਿਆਂ ,ਸਤਿਕਾਰਯੋਗ ਬਾਬਾ ਹਰਜਿੰਦਰ ਸਿੰਘ ਬਰਾੜ ਜੀ ਵੱਲੋਂ ਸੱਚਖੰਡਵਾਸੀ ਸੰਤ ਬਾਬਾ ਬਲਵੰਤ ਸਿੰਘ ਜੀ ਟਾਂਡਾ ਉੜਮੁੜ ਵਾਲਿਆਂ ਦੀ ਯਾਦ ਵਿੱਚ ਕਰਵਾਏ “ਸਲਾਨਾ ਬਰਸੀ ਸਮਾਗਮ” ਵਿੱਚ ਧਾਰਮਿਕ ਦੀਵਾਨ ਸਜਾਇਆ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਬਾਬਾ ਜੋਗਿੰਦਰ ਸਿੰਘ ਜੀ ਦੀ



ਬਾਬਾ ਜੋਗਿੰਦਰ ਸਿੰਘ ਜੀ ਖ਼ਾਲਸਾ

# 33ਵੀਂ ਬਰਸੀ

## 18 ਨਵੰਬਰ, 2026
## ਦਿਨ ਬੁੱਧਵਾਰ ਨੂੰ

## ਜਨਮ ਅਸਥਾਨ ਗੁਰਦੁਆਰਾ ਸੰਤ ਖ਼ਾਲਸਾ



ਸੰਤ ਜਰਨੈਲ ਸਿੰਘ ਜੀ ਖ਼ਾਲਸਾ





## ਪਿੰਡ ਰੋਡੇ ਵਿਖੇ ਮਨਾਈ ਜਾ ਰਹੀ ਹੈ।
## ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

ਸੰਤ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ, ਭਿੰਡਰਾਂਵਾਲੇ
ਅੰਤਰਰਾਸ਼ਟਰੀ ਮੁੱਖ ਬੁਲਾਰਾ, ਪੰਥਕ ਅਕਾਲੀ ਦਲ

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਜਸਵਿੰਦਰ ਸਿੰਘ ਚਾਹਲ ਦੀ ਪੁਸਤਕ ਲੋਕ ਅਰਪਿਤ




**ਬਾਬਾ ਬਕਾਲਾ ਸਾਹਿਬ ,17 ਨਵੰਬਰ (** **ਬਾਬਾ ਸੁਖਵੰਤ ਸਿੰਘ ਚੰਨਣਕੇ**)-ਪੰਜਾਬੀ ਸਾਹਿਤ ਸਭਾ ਅਤੇ ਸੱਭਿਆਚਾਰਕ ਕੇਂਦਰ ਤਰਨ ਤਾਰਨ ਵੱਲੋਂ ਸਰਵ ਸ੍ਰੀ ਸੁਰਜੀਤ ਸਿੰਘ ਭੁੱਚਰ, ਰਘਬੀਰ ਸਿੰਘ ਭੁਚਰ, ਜਤਿੰਦਰ ਸਿੰਘ ਭੈਲ, ਪਰਮਜੀਤ ਸਿੰਘ ਔਜਲਾ, ਡਾ. ਦਲਬੀਰ ਸਿੰਘ ਲਹਿਰੀ, ਸਕੱਤਰ ਸਿੰਘ ਵਿੰਡ, ਜਸਬੀਰ ਸਿੰਘ ਭੁੱਲਰ, ਕਾ. ਹੀਰਾ ਸਿੰਘ ਕੰਡਿਆਂਵਾਲੇ, ਜਸਪਿੰਦਰ ਸਿੰਘ ਕਸੇਲ ਅਤੇ ਸਭਾ ਦੇ ਸਰਪ੍ਰਸਤ ਬਲਬੀਰ ਸਿੰਘ ਭੈਲ ਦੇ ਪ੍ਰਧਾਨਗੀ ਮੰਡਲ ਦੀ ਪ੍ਰਧਾਨਗੀ ਹੇਠ ਸਰਦਾਰ ਜਸਵਿੰਦਰ ਸਿੰਘ 'ਮਾਣੋਚਾਹਲ' ਦੀ ਅੱਠਵੀਂ ਕਿਤਾਬ "ਆਜ਼ਾਦੀ ਲਹਿਰ, ਆਜ਼ਾਦੀ ਘੁਲਾਟੀਏ ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਯੋਧੇ, ਜਿਲ੍ਹਾ ਤਰਨਤਾਰਨ" ਭਾਈ ਮੋਹਨ ਸਿੰਘ ਵੈਦ ਯਾਦਗਾਰੀ ਲਾਇਬਰੇਰੀ ਤਰਨ ਤਾਰਨ ਵਿਖੇ ਲੋਕ ਅਰਪਣ ਕੀਤੀ ਗਈ। ਪ੍ਰਧਾਨਗੀ ਮੰਡਲ ਵੱਲੋਂ ਜਸਵਿੰਦਰ ਸਿੰਘ 'ਮਾਣੋਚਾਹਲ' ਦੀ ਦੇਸ਼-ਭਗਤ ਸੂਰਮਿਆਂ ਦੇ ਕਾਰਨਾਮਿਆਂ ਨੂੰ ਦਰਸਾਉਂਦੀ ਹੋਈ ਕਿਤਾਬ ਦੀ ਸਰਾਹਨਾ ਕਰਦੇ ਹੋਏ ਉਹਨਾਂ ਦੀ ਕਲਮ ਦੇ ਜਜ਼ਬੇ ਅਤੇ ਯੋਗਦਾਨ ਦੀ ਸ਼ਲਾਘਾ ਕੀਤੀ ਗਈ। ਪੰਜਾਬ ਦੇ ਸਮੂਹ ਪਾਠਕਾਂ ਨੂੰ ਇਸ ਕਿਤਾਬ ਨੂੰ ਪੜਨ੍ਹ ਦੀ ਅਪੀਲ ਕੀਤੀ ਗਈ। ਇਸ ਤੋਂ ਬਾਅਦ ਕਵੀ ਦਰਬਾਰ ਹੋਇਆ ਜਿਸ ਵਿੱਚ ਸਾਰੇ ਸਾਹਿਤਕਾਰਾਂ ਨੇ ਆਪਣੇ ਆਪਣੀਆਂ ਰਚਨਾਵਾਂ ਰਾਹੀਂ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਰਦਾਰ ਰਘਬੀਰ ਸਿੰਘ ਭੁੱਚਰ ਪੋਤਾ ਜਥੇਦਾਰ ਤੇਜਾ ਸਿੰਘ ਭੁੱਚਰ ਨੇ ਸਾਰੇ ਸ਼ਹੀਦਾਂ ਨੂੰ ਸਮਰਪਿਤ ਹੁੰਦੇ ਹੋਏ ਜਥੇਦਾਰ ਤੇਜਾ ਸਿੰਘ ਭੁੱਚਰ ਜੀ ਦੀ ਪੰਥ ਪ੍ਰਤੀ ਕੁਰਬਾਨੀ ਦਾ ਜ਼ਿਕਰ ਕੀਤਾ, ਅਮਰ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਭਾ ਦੇ ਪ੍ਰਧਾਨ ਜਸਵਿੰਦਰ ਸਿੰਘ ਢਿੱਲੋ, ਬਲਬੀਰ ਸਿੰਘ ਬੇਲੀ ਅਤੇ ਕਰਮ ਸਿੰਘ ਮੁੰਡਾ ਪਿੰਡ ਦੇ ਕਵੀਸ਼ਰੀ ਜਥੇ ਨੇ ਕਰਤਾਰ ਸਿੰਘ ਸਰਾਭਾ ਦੀ ਵਾਰ ਸੁਣਾਈ।ਗਿਆਨੀ ਗੁਰਮੀਤ ਸਿੰਘ ਨੂਰਦੀ, ਸੁਖਵਿੰਦਰ ਸਿੰਘ ਖਾਰਾ, ਬਲਬੀਰ ਸਿੰਘ ਲਹਿਰੀ, ਬਲਬੀਰ ਸਿੰਘ ਬੇਲੀ, ਸਭਾ ਦੇ ਸਰਪ੍ਰਸਤ ਗੁਰਿਦਰਪਾਲ ਸਿੰਘ, ਉੱਘੇ ਲੇਖਕ ਅੰਮ੍ਰਿਤਪਾਲ ਸਿੰਘ ਖਹਿਰਾ ਗੋਇੰਦਵਾਲ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਦੇ ਪ੍ਰਧਾਨ ਸੋਲਿੰਦਰਜੀਤ ਸਿੰਘ ਰਾਜਨ, ਮੱਖਣ ਸਿੰਘ ਭੈਣੀਵਾਲ, ਕਾਮਰੇਡ ਚਰਨ ਸਿੰਘ, ਮਾਸਟਰ ਸਤਵਿੰਦਰ ਸਿੰਘ, ਜਸਬੀਰ ਸਿੰਘ ਝਬਾਲ, ਬਲਵਿੰਦਰ ਸਿੰਘ ਝਬਾਲ, ਮਲਕੀਤ ਸਿੰਘ ਸੋਚ ਪੱਟੀ, ਦੀਦਾਰ ਸਿੰਘ ਲਾਇਬ੍ਰੇਰੀਅਨ, ਤਾਰਾ ਸਿੰਘ ਲਾਇਬ੍ਰੇਰੀਅਨ, ਡਾ. ਅਜਮੇਰ ਸਿੰਘ, ਕਰਮ ਸਿੰਘ ਲਾਲਪੁਰਾ, ਇੰਦਰ ਸਿੰਘ ਮਾਨ, ਸਕੱਤਰ ਸਿੰਘ, ਮਨਜੀਤ ਸਿੰਘ, ਗੁਰਨਾਮ ਸਿੰਘ ਆਨੰਦ, ਪਰਮਜੀਤ ਸਿੰਘ ਔਜਲਾ, ਜਿਲਾ ਸਕੱਤਰ ਫਰੀਡਮ ਫਾਈਟਰਜ਼ ਵਾਰਸ ਆਰਗੇਨਾਈਜੇਸ਼ਨ ਅੰਮ੍ਰਿਤਸਰ, ਮੇਜਰ ਸਿੰਘ, ਜਸਪਿੰਦਰ ਸਿੰਘ ਕਸੇਲ, ਸਤਬੀਰ ਸਿੰਘ ਢੋਟੀ, ਮਲਕੀਤ ਸਿੰਘ ਫੌਜੀ, ਡਾਕਟਰ ਮਨਵੰਤ ਸਿੰਘ ਸੂਦ, ਚੈਂਚਲ ਸਿੰਘ ਚਾਹਲ, ਬਲਜੀਤ ਸਿੰਘ ਕਸੇਲ ਆਦਿ ਨੇ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਫਰੀਡਮ ਫਾਈਟਰਜ਼ ਪਰਿਵਾਰਾਂ ਅਤੇ ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਕੇਂਦਰ ਵੱਲੋਂ ਲੇਖਕ ਨੂੰ ਸਨਮਾਨ ਚਿੰਨ੍ਹ ਅਤੇ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਦਾ ਸੰਚਾਲਨ ਜਸਵਿੰਦਰ ਸਿੰਘ 'ਮਾਨੋਚਾਹਲ' ਨੇ ਬੜੇ ਹੀ ਸੁਚੱਜੇ ਢੰਗ ਨਾਲ ਨਿਭਾਇਆ।ਅੰਤ ਵਿੱਚ ਸਰਦਾਰ ਬਲਬੀਰ ਸਿੰਘ ਭੈਲ ਨੇ ਆਏ ਹੋਏ ਸਾਰੇ ਫਰੀਡਮ ਫਾਈਟਰਾਂ ਦੇ ਵਾਰਸਾਂ ਅਤੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

## ਸੁਨਿਆਰੇ ਦੀ ਦੁਕਾਨ 'ਚ 16 ਦਿਨਾਂ ਵਿੱਚ ਹੋਈ ਦੂਜੀ ਵਾਰ ਚੋਰੀ

# ਚੋਰਾਂ ਵੱਲੋਂ ਦੁਕਾਨ ਦਾ ਸ਼ਟਰ ਤੋੜ ਕੇ ਸੇਫ ਅਲਮਾਰੀ ਨੂੰ ਖੇਤਾਂ ਵਿੱਚ ਲਿਜਾ ਕੇ ਤੋੜਿਆ









ਸ੍ਰੀ ਅਨੰਦਪੁਰ ਸਾਹਿਬ, 17 ਨਵੰਬਰ (ਆਵਾਜ਼ਿ ਕੌਮ ਬਿਊਰੋ)- ਬੀਤੇ ਕੁਝ ਦਿਨ ਪਹਿਲਾਂ ਬੱਸ ਅੱਡਾ ਢੇਰ ਤੇ ਸੁਨਿਆਰੇ ਦੀ ਦੁਕਾਨ ਤੇ ਹੋਈ ਚੋਰੀ ਨਾਲ ਸੁਨਿਆਰੇ ਦੀ ਦੁਕਾਨ ਵਿੱਚ ਮੌਜੂਦ ਸਾਢੇ ਚਾਰ ਕਿਲੋ ਚਾਂਦੀ ਲੈ ਕੇ ਚੋਰ ਫਰਾਰ ਹੋ ਗਏ ਸਨ ਜਿਸ ਨਾਲ ਉਕਤ ਸੁਨਿਆਰੇ ਦਾ ਵੱਡਾ ਨੁਕਸਾਨ ਹੋਇਆ ਸੀ ਦੁਕਾਨਦਾਰ ਉਸ ਦੁੱਖ ਤੋਂ ਬਾਹਰ ਵੀ ਨਹੀਂ ਹੋਇਆ ਸੀ ਕਿ ਬੀਤੀ ਰਾਤ ਫਿਰ ਚੋਰਾਂ ਵੱਲੋਂ ਉਸ ਸੁਨਿਆਰੇ ਦੀ ਦੁਕਾਨ ਨੂੰ ਫਿਰ ਸ਼ਿਕਾਰ ਬਣਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੁਕਾਨ ਮਾਲਕ ਸ਼ਿਵ ਵਰਮਾ ਤੇ ਜਸਬੀਰ ਵਰਮਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਹਨਾਂ ਦੀ ਦੁਕਾਨ ਤੇ ਹੀ ਚੋਰਾਂ ਵੱਲੋਂ ਚੋਰੀ ਕਰਕੇ ਸਾਢੇ ਚਾਰ ਕਿਲੋ ਚਾਂਦੀ ਚੋਰੀ ਕਰ ਲਈ ਗਈ ਸੀ ਅਤੇ ਕੱਲ ਰਾਤ ਚੋਰਾਂ ਵੱਲੋਂ ਫਿਰ ਉਹਨਾਂ ਦੀ ਦੁਕਾਨ ਨੂੰ ਨਿਸ਼ਾਨਾ ਬਣਾਇਆ ਗਿਆ। ਜਿਸ ਵਿੱਚ ਦੁਕਾਨ ਦੇ ਵਿੱਚ ਕੁਝ ਕੀਮਤੀ ਸਮਾਨ ਅਤੇ ਹੋਰ ਸਮਾਨ ਚੋਰੀ ਕਰ ਲਿਆ ਗਿਆ। ਉਨਾਂ ਦੱਸਿਆ ਦੇਰ ਰਾਤ 7 ਦੇ ਕਰੀਬ ਅਗਿਆਤ ਚੋਰਾਂ ਜਿਨਾਂ ਦੇ ਮੂੰਹ ਢੱਕੇ ਹੋਏ ਸਨ ਅਤੇ ਹੱਥਾਂ ਵਿੱਚ ਦਸਤਾਨੇ ਪਾਏ ਹੋਏ ਸਨ ਵੱਲੋਂ ਦੁਕਾਨ ਦਾ ਸ਼ਟਰ ਤੋੜ ਕੇ ਦੁਕਾਨ ਵਿੱਚ ਪਈ ਸੇਫ ਅਲਮਾਰੀ ਨੂੰ ਚੁੱਕ ਕੇ 200 ਮੀਟਰ ਦੂਰ ਖੇਤਾਂ ਵਿੱਚ ਲੈ ਜਾ ਕੇ ਤੋੜਿਆ ਗਿਆ। ਚੋਰੀ ਦੀ ਘਟਨਾ ਬਾਰੇ ਉਨ੍ਹਾਂ ਨੂੰ ਸਵੇਰੇ ਪਤਾ ਲੱਗਿਆ ਅਤੇ ਤੁਰੰਤ ਸਥਾਨਕ ਪੁਲਿਸ ਨੂੰ ਸੂਚਨਾ ਦਿੱਤੀ। ਚੋਰਾਂ ਵੱਲੋਂ ਕੀਤੀ ਗਈ ਇਹ ਘਟਨਾ ਸੀਸੀਟੀਵੀ ਕੈਮਰੇ ਦੇ ਵਿੱਚ ਵੀ ਰਿਕਾਰਡ ਹੋ ਚੁੱਕੀ ਹੈ। ਜਿੱਥੇ ਚੋਰ ਸ਼ਰੇਆਮ ਅਲਮਾਰੀ ਚੁੱਕ ਕੇ ਭੱਜਦੇ ਵੇਖੇ ਜਾ ਸਕਦੇ ਹਨ। ਇੱਥੇ ਇਹ ਵੀ ਦੱਸਣਯੋਗ ਹੈ ਕਿ ਅਜੇ 15 ਕੁ ਦਿਨ ਪਹਿਲਾਂ ਚੋਰਾਂ ਵੱਲੋਂ ਇਸ ਦੁਕਾਨ ਤੇ ਵੱਡੀ ਚੋਰੀ ਕੀਤੀ ਗਈ ਸੀ ਪਰੰਤੂ ਸਥਾਨਕ ਪੁਲਿਸ ਪ੍ਰਸ਼ਾਸਨ ਹੁਣ ਤੱਕ ਉਹਨਾਂ ਚੋਰਾਂ ਨੂੰ ਪਕੜਨ ਵਿੱਚ ਨਾ ਕਾਮਯਾਬ ਰਿਹਾ ਅਤੇ ਚੋਰਾਂ ਵੱਲੋਂ ਹੁਣ ਫਿਰ ਘਟਨਾ ਨੂੰ ਅੰਜਾਮ ਦੇ ਦਿੱਤਾ ਗਿਆ। ਪਿਛਲੀ ਵਾਰਦਾਤ ਦੇ ਕਈ ਦਿਨ ਬੀਤ ਜਾਣ ਦੇ ਬਾਵਜੂਦ ਚੋਰ ਪੁਲਿਸ ਦੀ ਪਹੁੰਚ ਤੋਂ ਬਾਹਰ ਹਨ। ਜਿਸ ਨਾਲ ਚੋਰਾਂ ਦੇ ਹੌਸਲੇ ਹੋਰ ਬੁਲੰਦ ਹੋ ਗਏ ਹਨ ਅਤੇ ਇਨਾਂ ਨੇ ਦੂਜੀ ਵਾਰਦਾਤ ਕੀਤੀ ਹੈ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਘਟਨਾ ਸਥਾਨ ਤੇ ਹਾਜ਼ਰ ਹੋਏ ਸਾਬਕਾ ਵਿਧਾਨ ਸਭਾ ਸਪੀਕਰ ਰਾਣਾ ਕੇਪੀ ਸਿੰਘ ਨੇ ਜਿੱਥੇ ਮੌਜੂਦ ਪੁਲਿਸ ਅਧਿਕਾਰੀਆਂ ਦੇ ਨਾਲ ਚੋਰੀ ਦੇ ਸੰਬੰਧ ਵਿੱਚ ਵਿਸ਼ੇਸ਼ ਤੌਰ ਤੇ ਗੱਲਬਾਤ ਕੀਤੀ ਉੱਥੇ ਹੀ ਉਹਨਾਂ ਨੇ ਇਸ ਚੋਰੀ ਦੀ ਸਖਤ ਆਲੋਚਨਾ ਕੀਤੀ ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵਿੱਚ ਨਾ ਤਾਂ ਨਸ਼ੇ ਕਾਬੂ ਹੋਏ ਹਨ ਅਤੇ ਨਾ ਹੀ ਚੋਰੀ ਦੀਆਂ ਵਾਰਦਾਤਾਂ ਕਾਬੂ ਹੋ ਰਹੀਆਂ ਹਨ। ਇਸ ਮੌਕੇ ਜਸਵੀਰ ਕੁਮਾਰ ਵਰਮਾ, ਸ਼ਿਵ ਕੁਮਾਰ ਵਰਮਾ, ਦਵਿੰਦਰ ਵਰਮਾ ਪ੍ਰਧਾਨ ਸਵਰਨਕਾਰ ਸੋਸਾਇਟੀ ਸ੍ਰੀ ਅਨੰਦਪੁਰ ਸਾਹਿਬ, ਤਰਲੋਚਨ ਸਿੰਘ ਜਨਰਲ ਸਕੱਤਰ, ਸੋਹਨ ਸਿੰਘ ਗੋਰਵ ਵਰਮਾ, ਕੁਲਵਿੰਦਰ ਸਿੰਘ ਕਾਮਰੇਡ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਢੇਰ, ਰਾਜੀਵ ਕੁਮਾਰ ਹੈਪੀ, ਗੁਰਦਿਆਲ ਸਿੰਘ ਅਟਵਾਲ, ਬਹਾਦਰ ਸਿੰਘ, ਰਕੇਸ਼ ਕੁਮਾਰ ਆਦਿਕ ਨੇ ਸਥਾਨਕ ਪੁਲਿਸ ਪ੍ਰਸ਼ਾਸਨ ਤੋਂ ਜ਼ੋਰਦਾਰ ਮੰਗ ਕੀਤੀ ਕਿ ਇਹਨਾਂ ਚੋਰਾਂ ਖਿਲਾਫ ਬਣਦੀ ਸਖਤ ਕਾਰਵਾਈ ਕਰਕੇ ਇਲਾਕੇ ਵਿੱਚ ਹੋ ਰਹੀਆਂ ਚੋਰੀਆਂ ਦੀਆਂ ਘਟਨਾਵਾਂ ਤੇ ਨੱਥ ਪਾਈ ਜਾਵੇ। ਇਸ ਸਬੰਧੀ ਥਾਣਾ ਸ਼੍ਰੀ ਅਨੰਦਪੁਰ ਸਾਹਿਬ ਦੇ ਐਸਐਚਓ ਸ੍ਰੀ ਜਤਿਨ ਕੁਮਾਰ ਨੇ ਦੱਸਿਆ ਕਿ ਪੁਲਿਸ ਵੱਲੋਂ ਚੋਰੀ ਦੀ ਬਰੀਕੀ ਦੇ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਬਹੁਤ ਹੀ ਜਲਦੀ ਚੋਰਾਂ ਨੂੰ ਫੜ ਕੇ ਅੰਦਰ ਕੀਤਾ ਜਾਵੇਗਾ।

## ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਨੂੰ 21 ਨਵੰਬਰ ਨੂੰ ਦਾਦੀ ਜੀ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਦੀ ਅਦਾਲਤ ਵੱਲੋਂ ਮਿਲੀ ਇਜਾਜ਼ਤ : ਐਡਵੋਕੇਟ ਹਰਜੋਤ ਸਿੰਘ ਮਾਨ

## 22 ਤੇ 23 ਨਵੰਬਰ ਦੇ ਸਮਾਗਮਾਂ ਵਿੱਚ ਵੀਡੀਓ ਕਾਨਫਰੰਸਿੰਗ ਰਾਹੀਂ ਹੋਵੇਗੀ ਸ਼ਮੂਲੀਅਤ

**ਅੰਮ੍ਰਿਤਸਰ 17 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਦੇ ਵਕੀਲ ਐਡਵੋਕੇਟ ਸ੍ਰ. ਹਰਜੋਤ ਸਿੰਘ ਮਾਨ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਮਾਣਯੋਗ ਐਡੀਸ਼ਨਲ ਸੈਸ਼ਨਜ਼ ਜੱਜ, ਅੰਮ੍ਰਿਤਸਰ ਵੱਲੋਂ ਅੱਜ ਮਿਤੀ 17 ਨਵੰਬਰ 2026 ਨੂੰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਵੱਲੋਂ ਆਪਣੀ ਦਾਦੀ ਜੀ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਦਾਇਰ ਕੀਤੀ ਗਈ ਅਰਜ਼ੀ 'ਤੇ ਹੁਕਮ ਸੁਣਾਇਆ ਗਿਆ ਹੈ।ਮਾਣਯੋਗ ਅਦਾਲਤ ਨੇ ਹੁਕਮ ਕੀਤਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਨੂੰ 21 ਨਵੰਬਰ 2026 ਨੂੰ ਦੁਪਹਿਰ 12 ਵਜੇ ਤੋਂ 3 ਵਜੇ ਤੱਕ, ਹਿਰਾਸਤ ਵਿੱਚ ਹੀ, ਪਿੰਡ ਜੱਲੂਪੁਰ ਖੇੜਾ ਵਿਖੇ ਆਪਣੀ ਦਾਦੀ ਮਾਤਾ ਚਰਨ ਕੌਰ ਜੀ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਲਿਆਂਦਾ ਜਾਵੇ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਸ ਸਬੰਧੀ ਪਹਿਲਾਂ ਮਿਤੀ 13 ਨਵੰਬਰ 2026 ਨੂੰ ਜਾਰੀ ਕੀਤੇ ਹੁਕਮ ਦੀਆਂ ਸ਼ਰਤਾਂ ਲਾਗੂ ਰਹਿਣਗੀਆਂ। ਮੀਡੀਆ ਇੰਚਾਰਜ ਭਾਈ ਸ਼ਮਸ਼ੇਰ ਸਿੰਘ ਪੱਧਰੀ ਵੱਲੋਂ ਜਾਰੀ ਪ੍ਰੈਸ ਨੋਟ ਰਾਹੀਂ ਐਡ ਸ੍ਰ ਹਰਜੋਤ ਸਿੰਘ ਮਾਨ ਨੇ ਦੱਸਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਵੱਲੋਂ ਆਪਣੀ ਦਾਦੀ ਜੀ ਨਾਲ ਡੂੰਘੇ ਪਿਆਰ ਅਤੇ ਸਨੇਹ ਦੇ ਮੱਦੇਨਜ਼ਰ ਉਨ੍ਹਾਂ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਦੀ ਮੰਗ ਕੀਤੀ ਗਈ ਸੀ। ਮਾਣਯੋਗ ਅਦਾਲਤ ਨੇ ਇਸ ਮਨੁੱਖੀ ਪੱਖ ਨੂੰ ਵਿਚਾਰਦਿਆਂ 21 ਨਵੰਬਰ ਨੂੰ ਸੀਮਤ ਸਮੇਂ ਲਈ ਉਨ੍ਹਾਂ ਦੀ ਸਰੀਰਕ ਹਾਜ਼ਰੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਅਦਾਲਤੀ ਹੁਕਮ ਅਨੁਸਾਰ 22 ਨਵੰਬਰ 2026 ਨੂੰ ਅਸਥੀਆਂ ਇਕੱਠੀਆਂ ਕਰਨ ਦੀ ਰਸਮ ਅਤੇ 23 ਨਵੰਬਰ 2026 ਨੂੰ ਹੋਣ ਵਾਲੇ ਭੋਗ ਸਮਾਗਮ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਦੀ ਸ਼ਮੂਲੀਅਤ ਵੀਡੀਓ ਕਾਨਫਰੰਸਿੰਗ ਰਾਹੀਂ ਕਰਵਾਈ ਜਾਵੇਗੀ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਯਾਤਰਾ ਅਤੇ ਸੁਰੱਖਿਆ ਪ੍ਰਬੰਧਾਂ ਨਾਲ ਸਬੰਧਤ ਵਾਜਬ ਖਰਚਾ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਵੱਲੋਂ ਕੀਤਾ ਜਾਵੇਗਾ। ਨਾਲ ਹੀ, ਕਾਨੂੰਨ-ਵਿਵਸਥਾ ਸਬੰਧੀ ਕਿਸੇ ਅਣਸੁਖਾਵੀਂ ਸਥਿਤੀ ਦੀ ਸੂਰਤ ਵਿੱਚ ਸਰਕਾਰ ਨੂੰ ਲੋੜੀਂਦੀ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ। ਐਡ ਸ੍ਰ ਹਰਜੋਤ ਸਿੰਘ ਮਾਨ ਵੱਲੋਂ ਸਾਂਝੀ ਕੀਤੀ ਗਈ ਇਸ ਜਾਣਕਾਰੀ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਕਿ ਮਾਣਯੋਗ ਅਦਾਲਤ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਨੂੰ ਆਪਣੀ ਦਾਦੀ ਜੀ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਦਿੱਤੀ ਗਈ ਇਜਾਜ਼ਤ ਪਰਿਵਾਰਕ ਅਤੇ ਮਨੁੱਖੀ ਭਾਵਨਾਵਾਂ ਦੇ ਪੱਖੋਂ ਅਹਿਮ ਫ਼ੈਸਲਾ ਹੈ।

## ਸੈਣੀ ਜਾਗਰਤੀ ਮੰਚ ਵੀ ਹੋਈ ਵਿਸ਼ੇਸ਼ ਮੀਟਿੰਗ

# ਸੈਣੀ ਜਾਗਰੂਤੀ ਮੰਚ ਦੀ ਉਮਰ ਭਰ ਲਈ ਮੈਂਬਰਸ਼ਿਪ ਜਾਰੀ

ਹੁਸ਼ਿਆਰਪੁਰ, 17 ਨਵੰਬਰ (ਆਵਾਜ਼ਿ ਕੌਮ ਬਿਊਰੋ)-ਸੈਣੀ ਜਾਗਰਤੀ ਮੰਚ ਦੀ ਇੱਕ ਮੀਟਿੰਗ ਸੈਣੀ ਭਵਨ ਬਹਾਦਰਪੁਰ, ਨੇੜੇ ਸ਼ਿਮਲਾ ਪਹਾੜੀ ਹੁਸ਼ਿਆਰਪੁਰ ਵਿਖੇ ਮੰਚ ਦੇ ਪ੍ਰਧਾਨ ਸਰਦਾਰ ਕੁਲਵੰਤ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸੈਣੀ ਭਾਈਚਾਰੇ ਨੂੰ ਆ ਰਹੀਆਂ ਸਮੱਸਿਆ ਤੇ ਗੰਭੀਰ ਚਰਚਾ ਹੋਈ ਅਤੇ ਸੈਣੀ ਜਾਗਰਤੀ ਮੰਚ ਦੇ ਨਵੇਂ ਸਥਾਈ ਮੈਂਬਰ ਬਣਾਉਣ ਲਈ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ ਅਤੇ ਮੀਟਿੰਗ ਵਿੱਚ ਸਮੂਹ ਮੈਂਬਰਾਂ ਦੀ ਨਵੇਂ ਮੈਂਬਰ ਬਣਾਉਣ ਲਈ ਡਿਊਟੀ ਲਾਈ ਗਈ। ਸੈਣੀ ਜਾਗਰਤੀ ਮੰਚ ਦੀ ਅਗਲੀ ਮੀਟਿੰਗ 7 ਦਸੰਬਰ 2026 ਦਿਨ ਸੋਮਵਾਰ ਨੂੰ ਸ਼ਾਮ 4 ਵਜੇ ਸੈਣੀ ਭਵਨ ਹੁਸ਼ਿਆਰਪੁਰ ਵਿਖੇ ਹੋਵੇ। ਮੀਟਿੰਗ ਵਿੱਚ ਹਾਜ਼ਰ ਮੈਂਬਰ ਨਵੇਂ ਮੈਂਬਰਾਂ ਦੇ ਫਾਰਮ ਭਰ ਕੇ ਮੈਂਬਰ ਬਣਾਉਣ ਉਪਰੰਤ ਭਰੇ ਫਾਰਮ ਅਤੇ ਨਵੇਂ ਬਣੇ ਮੈਂਬਰਾਂ ਨੂੰ 7 ਦਸੰਬਰ ਵਾਲੀ ਮੀਟਿੰਗ ਵਿੱਚ ਸ਼ਾਮਲ ਕਰਾਉਣ ਨੂੰ ਯਕੀਨੀ ਬਣਾਉਣਗੇ। ਮੀਟਿੰਗ ਵਿੱਚ ਸ੍ਰੀ ਪ੍ਰੇਮ ਸੈਣੀ ਜਿਲਾ ਜਨਰਲ ਸਕੱਤਰ, ਬਲਬੀਰ ਸਿੰਘ ਸੈਣੀ, ਕਮਲਜੀਤ ਭੂਪਾ ਕਕੋਂ, ਹਰਿੰਦਰ ਕੁਮਾਰ ਫਤਿਹਗੜ੍ਹ, ਪਿਆਰੇ ਲਾਲ ਪ੍ਰੇਮਗੜ੍ਹ, ਅਜੈਪਾਲ ਸੈਣੀ, ਰਾਕੇਸ਼ ਕੁਮਾਰ ਫਦਮਾਂ, ਧਰਮ ਸੈਣੀ ਪੁਰਹੀਰਾਂ, ਬਲਵਿੰਦਰ ਸਿੰਘ, ਪੁਰਹੀਰਾਂ, ਕਿਰਪਾਲ ਸਿੰਘ, ਤਰਲੋਚਨ ਸਿੰਘ, ਸੂਰਤ ਸਿੰਘ, ਅਮੋਲਕ ਚੰਦ, ਹਰਿੰਦਰ ਸਿੰਘ, ਚਮਨ ਲਾਲ ਸੈਣੀ ਆਦਿ ਮੈਂਬਰ ਹਾਜ਼ਰ ਹੋਏ ਅਤੇ ਵਿਚਾਰ ਸਾਂਝੇ ਕੀਤੇ। ਅ